੧ੳ ਸਤਿਗੁਰ ਪ੍ਰਸਾਦਿ ।।

# ਸੱਚਖੰਡ ਪੱਤਰ

ਨਵੇਂ ਸਾਲ 2010 ਦੀ ਹਾਰਦਿਕ ਵਧਾਈ !

January 2010 ਜਨਵਰੀ ੨੦੧੦




ਸਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ
੩੭੯ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

SACHKHAND PATRA ਸਚਖੰਡ ਪਤ੍ਰ

ਭੇਟਾ 7/-



ਮਾਨਯੋਗ ਸ੍ਰੀ ਅਸ਼ੋਕ ਰਾਓ ਜੀ ਚੌਹਾਨ ਮੁੱਖ ਮੰਤਰੀ ਮਹਾਰਾਸ਼ਟਰ ਆਪਣੀ ਹਜ਼ੂਰ ਸਾਹਿਬ ਨਾਂਦੇੜ ਫੇਰੀ ਦੌਰਾਨ ਉਚੇਚੇ ਤੌਰ ਤੇ ਤਖ਼ਤ ਸੱਚਖੰਡ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜੇ । ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜੀ ਜਥੇਦਾਰ ਸਾਹਿਬ ਵਲੋਂ ਉਨ੍ਹਾਂ ਦਾ ਕੇਸਰੀ ਚੋਲਾ, ਦਸਤਾਰ ਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ । ਇਸ ਸਮੇਂ ਲਈ ਗਈ ਤਸਵੀਰ ਵਿਚ ਮੁਖ ਮੰਤਰੀ ਸਾਹਿਬ ਜੀ ਦੇ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ ਜਿਲ੍ਹਾ ਨਾਂਦੇੜ ਦੇ ਕੁਲੈਕਟਰ ਡਾ. ਸ੍ਰੀ ਸ੍ਰੀਕਰ ਜੀ ਪਰਦੇਸੀ, ਗੁਰਦੁਆਰਾ ਸਾਹਿਬ ਦੇ ਪ੍ਰਸ਼ਾਸ਼ਕ ਡਾ. ਪਰਵਿੰਦਰ ਸਿੰਘ ਜੀ ਪਸਰੀਚਾ, ਭਾਈ ਕਸ਼ਮੀਰ ਸਿੰਘ ਜੀ ਮੀਤ ਗ੍ਰੰਥੀ ਅਤੇ ਹੋਰ ਉਘੀਆਂ ਸ਼ਖ਼ਸ਼ੀਅਤਾਂ ।



ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਗੁਰਦੁਆਰਾ ਪਰੀਸਰ ਵਿਕਾਸ ਕਾਰਜ ਦੀ ਮੁਕੰਮਲ ਜਾਣਕਾਰੀ ਦੇਂਦੇ ਹੋਏ ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਪ੍ਰਸ਼ਾਸ਼ਕ ਸਾਹਿਬ ਤੇ ਨਾਲ ਦਿਖਾਈ ਦੇ ਰਹੇ ਹਨ ਨਾਂਦੇੜ ਦੇ ਦੋਵੇਂ ਮਾਨਯੋਗ ਐਮ.ਐਲ.ਏ. ਸਾਹਿਬ ਸ੍ਰੀ ਓਮ ਪ੍ਰਕਾਸ਼ ਜੀ ਪੋਕਰਨਾ, ਸ੍ਰੀ ਡੀ.ਪੀ. ਸਾਵੰਤ ਜੀ ਤੇ ਸ੍ਰ: ਰਵਿੰਦਰ ਸਿੰਘ ਜੀ ਬੁੰਗਈ ਆਦਿ ।



ਅਮਰੀਕਾ ਦੇ ਉੱਘੇ ਵਿਉਪਾਰੀ ਸ੍ਰ. ਸੰਤ ਸਿੰਘ ਜੀ ਚੱਟਵਾਲ ਆਪਣੇ ਪਰਿਵਾਰ ਸਮੇਤ ਇਕ ਵਿਸ਼ੇਸ਼ ਹਵਾਈ ਜਹਾਜ ਰਾਹੀਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ । ਉਨ੍ਹਾਂ ਨੂੰ ਨਾਂਦੇੜ ਦੇ ਹਵਾਈ ਅੱਡੇ ਤੇ ਜੀ ਆਇਆਂ ਕਹਿੰਦੇ ਹੋਏ ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ।



ਸ੍ਰ. ਸੰਤ ਸਿੰਘ ਜੀ ਚੱਟਵਾਲ ਤਖਤ ਸਾਹਿਬ ਵਿਖੇ ਪਰਿਵਾਰ ਸਮੇਤ ਅਰਦਾਸ ਬੇਨਤੀ ਕਰਦੇ ਹੋਏ ।



ਸ੍ਰ. ਸੰਤ ਸਿੰਘ ਜੀ ਚੱਟਵਾਲ ਦਾ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ ਜਥੇਦਾਰ ਸਾਹਿਬ ਵਲੋਂ ਚੋਲਾ, ਦਸਤਾਰ, ਸ਼ਾਲ, ਮੋਮੈਂਟੋ ਅਤੇ ਤਲਵਾਰ ਨਾਲ ਸਨਮਾਨ ਕੀਤਾ ਗਿਆ ।

# ਸੱਚਖੰਡ ਸਮਾਚਾਰ



ਡਾ. ਪਰਵਿੰਦਰ ਸਿੰਘ ਜੀ ਪਸਰੀਚਾ ਪ੍ਰਸ਼ਾਸ਼ਕ ਗੁਰਦੁਆਰਾ ਸੱਚਖੰਡ ਸਾਹਿਬ ਸ੍ਰ. ਸੰਤ ਸਿੰਘ ਜੀ ਚੱਟਵਾਲ ਨੂੰ ਆਪਣੇ ਦਫਤਰ ਵਿਖੇ ਜੀ ਆਇਆਂ ਕਹਿੰਦੇ ਹੋਏ ।



ਪਿਛਲੇ ਦਿਨੀ ਸ੍ਰ. ਅਰਵਿੰਦਰ ਸਿੰਘ ਜੀ ਮਿੱਕੀ ਚੇਅਰਮੈਨ ਲੀਗਲ ਕਾਉਂਸਲ ਜੰਮੂ ਕਸ਼ਮੀਰ ਪਰਿਵਾਰ ਸਮੇਤ ਦਰਸ਼ਨਾਂ ਲਈ ਪੁੱਜੇ । ਸ੍ਰ. ਡੀ.ਪੀ. ਸਿੰਘ ਜੀ ਸੁਪਰਡੈਂਟ ਦੇ ਨਾਲ ਤਖ਼ਤ ਸਾਹਿਬ ਦੇ ਸਾਮ੍ਹਣੇ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਤੇ ਨਾਲ ਨਜ਼ਰ ਆ ਰਹੇ ਹਨ ਦਲਜੀਤ ਕੌਰ ਜੀ ਪੀ.ਆਰ.ਓ. ।

# ੪੧ਵੇਂ ਸਾਮੂਹਿਕ ਵਿਵਾਹ ਮੇਲਾਵੇ ਦੀਆਂ ਝਲਕੀਆਂ




੪੧ਵੇਂ ਸਾਮੂਹਿਕ ਵਿਵਾਹ ਮੇਲਾਵੇ ਵਿਚ ਸ਼ਾਮਿਲ ਲਾੜੇ ਦਰਬਾਰ ਸਾਹਿਬ ਤੋਂ ਅਰਦਾਸ ਉਰਪੰਤ ਲਾਵਾਂ ਫੇਰੇ ਦੀ ਰਸਮ ਲਈ ਮਹਾਰਾਜਾ ਰਣਜੀਤ ਸਿੰਘ ਜੀ ਯਾਤਰੀ ਨਿਵਾਸ ਵੱਲ ਜਾਂਦੇ ਹੋਏ ।




ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਹਜ਼ੂਰੀ ਵਿਚ ਸੰਪਨ ਹੋ ਰਹੇ ਇਸ ਸਾਮੂਹਿਕ ਵਿਵਾਹ ਮੇਲਾਵੇ ਸਮੇਂ ਸਟੇਜ ਤੇ ਨਜ਼ਰ ਆ ਰਹੇ ਹਨ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ ਜਥੇਦਾਰ ਸਾਹਿਬ, ਮੀਤ ਜਥੇਦਾਰ ਭਾਈ ਜੋਤਿੰਦਰ ਸਿੰਘ ਜੀ, ਮੀਤ ਗ੍ਰੰਥੀ ਭਾਈ ਕਸ਼ਮੀਰ ਸਿੰਘ ਜੀ, ਧੂਪੀਆ ਭਾਈ ਰਾਮ ਸਿੰਘ ਜੀ, ਗਿਆਨੀ ਅਵਤਾਰ ਸਿੰਘ ਜੀ ਸ਼ੀਤਲ ਕਥਾਕਾਰ, ਸੰਤ ਮਹਾਪੁਰਸ਼ ਅਤੇ ਗੁਰਦੁਆਰਾ ਬੋਰਡ ਦੇ ਅਧਿਕਾਰੀ ਤੇ ਹੋਰ ਪੱਤਵੰਤੇ ਸੱਜਣ ।

ੴ ਵਾਹਿਗੁਰੂ ਜੀ ਕੀ ਫਤਹਿ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥

# ਸੱਚਖੰਡ ਪੱਤਰ

ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਲੋਂ ਪ੍ਰਕਾਸ਼ਤ ਧਾਰਮਿਕ ਮਾਸਕ ਪੱਤਰ

ਸਾਲ ੩੬ | ਜਨਵਰੀ ੨੦੧੦ | ਅੰਕ ੪੨੩

ਸੰਪਾਦਕ :
*ਗਿਆਨੀ ਅਵਤਾਰ ਸਿੰਘ 'ਸ਼ੀਤਲ'*
*M.Com., L.L.B.*
ਸਹਾ. ਸੰਪਾਦਕ :
*ਰਾਜਦਵਿੰਦਰ ਸਿੰਘ 'ਕੱਲ੍ਹਾ'*
*M.A., G.P.*

## ਦਿਨ ਤਿਉਹਾਰ ਤੇ ਗੁਰਪੁਰਬ ਜਨਵਰੀ/ਫਰਵਰੀ–੨੦੧੦

| | |
|---|---|
| * ਬਰਸੀ ਬਾਬਾ ਹਜ਼ੂਰਾ ਸਿੰਘ ਜੀ ਸਾਬਕਾ ਜਥੇਦਾਰ ਤਖ਼ਤ ਸੱਚਖੰਡ ਸਾਹਿਬ | ੧੨ ਜਨਵਰੀ |
| * ਲੋਹੜੀ | ੧੩ ਜਨਵਰੀ |
| * ਮਾਘੀ ਮੇਲਾ ਮੁਕਤਸਰ | ੧੪ ਜਨਵਰੀ |
| * ਬਸੰਤ ਪੰਚਮੀ ਅਤੇ ਸਾਲਾਨਾ ਚੌਕੀ ਗੁ: ਮਾਲਟੇਕੜੀ ਸਾਹਿਬ | ੨੦ ਜਨਵਰੀ |
| * ਚੌਕੀ ਮੇਲਾ ਗੁ: ਸੰਗਤ ਸਾਹਿਬ | ੨੪ ਜਨਵਰੀ |
| * ਅਵਤਾਰ ਦਿਵਸ ਪਾ: ੭ | ੨੮ ਜਨਵਰੀ |
| * ਚੌਕੀ ਮੇਲਾ ਗੁ:ਹੀਰਾ ਘਾਟ ਸਾਹਿਬ | ੩੦ ਜਨਵਰੀ |
| * ਚੌਕੀ ਮੇਲਾ ਗੁ:ਮਾਤਾ ਸਾਹਿਬ ਅਤੇ ਗੁ: ਸ਼ਿਕਾਰ ਘਾਟ ਸਾਹਿਬ, ਨਾਂਦੇੜ | ੩੧ ਜਨਵਰੀ |
| * ਸੰਗਰਾਂਦ | ੧੪ ਜਨਵਰੀ |
| * ਮੱਸਿਆ | ੧੫ ਜਨਵਰੀ |
| * ਪੂਰਨਮਾਸੀ | ੩੦ ਜਨਵਰੀ |
| * ਚੌਕੀ ਮੇਲਾ ਗੁ:ਰਤਨ ਗੜ੍ਹ ਸਾਹਿਬ | ੧੨ ਫਰਵਰੀ |
| * ਚੌਕੀ ਮੇਲਾ ਗੁ:ਨਾਨਕਸਰ ਸਾਹਿਬ, ਗੁ: ਨਾਨਕਪੁਰੀ ਸਾਹਿਬ, ਗੁ: ਵਿਸ਼ਨਪੁਰੀ ਅਤੇ ਗੁ:ਬੰਦਾ ਘਾਟ ਸਾਹਿਬ | ੧੩ ਫਰਵਰੀ |
| * ਚੌਕੀ ਮੇਲਾ ਗੁ: ਦਮਦਮਾ ਸਾਹਿਬ, ਬਸਮਤਨਗਰ | ੧੪ ਫਰਵਰੀ |
| * ਹੋਲੀ | ੨੮ ਫਰਵਰੀ |
| * ਸੰਗਰਾਂਦ | ੧੨ ਫਰਵਰੀ |
| * ਮੱਸਿਆ | ੧੪ ਫਰਵਰੀ |
| * ਪੂਰਨਮਾਸੀ | ੨੮ ਫਰਵਰੀ |

## ਦਰਪਨ

* ਸੰਪਾਦਕੀ ੩
* ਤੁਮ ਹੋ ਸਭ ਰਾਜਨ ਕੇ ਰਾਜਾ
*–ਸਿੰਘ ਸਾਹਿਬ ਗਿ.ਤਰਲੋਚਨ ਸਿੰਘ ਜੀ* ੯
* ਸ਼ਾਨ–ਏ–ਦਸਤਾਰ
*–ਭਾਈ ਸਤਪਾਲ ਸਿੰਘ ਜੀ ਫਰਵਾਹੀ* ੧੪
* ਮੁਕਤਸਰ ਦੇ ਸ਼ਹੀਦ
*–ਸ੍ਰ. ਰਘਬੀਰ ਸਿੰਘ ਜੀ ਅਨੰਦਪੁਰੀ* ੧੫
* ਸ਼ਹੀਦ ਭਾਈ ਮਨੀ ਸਿੰਘ ਜੀ
*–ਡਾ. ਇੰਦਰ ਸਿੰਘ ਜੀ ਚਨਾਰਥਲ* ੨੧
* ਅਦੁੱਤੀ ਸ਼ਹੀਦ – ਬਾਬਾ ਦੀਪ ਸਿੰਘ ਜੀ
*–ਪ੍ਰੋ: ਕਿਰਪਾਲ ਸਿੰਘ ਜੀ ਬਡੂੰਗਰ* ੨੮
* ਕਾਹੇ ਪੂਤ ਝਗਰਤ ਹਉ......
*–ਮੇਜਰ ਭਗਵੰਤ ਸਿੰਘ ਜੀ* ੩੩
* ਗੁ: ਬੋਰਡ ਦਾ ਚਿੱਠਾ ਆਮਦਨ–ਖਰਚ ੩੫

## हिन्दी विभाग

* श्री गुरु ग्रंथ साहिब जी - संत साहित्य का दर्पण
*-स. हरमहेन्द्र सिंघ बेदी* २
* बादशाह दरवेश-श्री गुरु गोबिंद सिंघ जी
*-स. प्यारा सिंघ जी* ९

## ENGLISH SECTION

* Sikh Youth and Hinduism
*-S. Nanak Singh Ji Nishter* 2
* Unique Aspects of Gurbani
*-Dr. Kanwal Jit Singh Ji* 8

*ਨੋਟ :- 'ਸੱਚਖੰਡ ਪੱਤਰ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਕੁਲ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਸੋ, ਲਾਜ਼ਮੀ ਨਹੀਂ ਕਿ ਇਹਨਾਂ ਨਾਲ ਗੁ: ਬੋਰਡ ਜਾਂ ਅਦਾਰਾ ਸੱਚਖੰਡ ਪੱਤਰ ਪੂਰੀ ਤਰ੍ਹਾਂ ਸਹਿਮਤ ਹੋਵੇ।*
*-ਪ੍ਰਕਾਸ਼ਕ*

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ
## ਪਵਿੱਤਰ ਮਰਯਾਦਾ (ਪੂਜਾ ਪਾਠ)

| | | |
|---|---|---|
| ❋ | ਤਖ਼ਤ ਇਸ਼ਨਾਨ ਲਈ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਗਾਗਰੀਆ ਸਿੰਘ ਜੀ ਲੈਕੇ ਹਾਜ਼ਰ ਹੁੰਦੇ ਹਨ | ੧-੪੫ ਅੰਮ੍ਰਿਤ ਵੇਲੇ |
| ❋ | ਆਰੰਭ ਪਾਠ ਸੁਖਮਨੀ ਸਾਹਿਬ ਜੀ | ੨-੦੦ ਅੰਮ੍ਰਿਤ ਵੇਲੇ |
| ❋ | ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ | ੩-੦੦ ਸਵੇਰੇ |
| ❋ | ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੩-੨੦ ਸਵੇਰੇ |
| ❋ | ਕੀਰਤਨ ਆਰੰਭ ਸ੍ਰੀ ਆਸਾ ਜੀ ਦੀ ਵਾਰ | ੩-੩੦ ਸਵੇਰੇ |
| ❋ | ਕੀਰਤਨ ਸਮਾਪਤੀ ਸ੍ਰੀ ਆਸਾ ਜੀ ਦੀ ਵਾਰ | ੬-੦੦ ਸਵੇਰੇ |
| ❋ | ਭੋਗ ਦੇਗ (ਕੜ੍ਹਾਹ) ਪ੍ਰਸ਼ਾਦਿ, ਦੂਸਰਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰੰਤ ਅਨੰਦ ਸਾਹਿਬ ਜੀ ਦੀ ਚੌਕੀ ਆਰੰਭ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਅਨੰਦ ਸਾਹਿਬ ਜੀ ਦੀ ਚੌਕੀ ਦੀ ਸਮਾਪਤੀ | ੬-੧੫ ਤੋਂ ੭-੩੦ |
| ❋ | ਕਥਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੭-੩੦ ਸਵੇਰੇ |
| ❋ | ਆਰੰਭ ਤੇ ਸਮਾਪਤੀ ਅਖੰਡ ਪਾਠ, ਸਪਤਾਹ ਪਾਠ ਅਤੇ ਸਧਾਰਨ ਪਾਠ | ੧੦-੧੫ ਸਵੇਰੇ |
| ❋ | ਅੰਮ੍ਰਿਤ ਸੰਚਾਰ | ੧੦-੩੦ ਸਵੇਰੇ |
| ❋ | ਸਮਾਪਤੀ ਕੀਰਤਨ ਚਰਨ ਕੰਵਲ | ੧੧-੩੦ ਸਵੇਰੇ |
| ❋ | ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੧੨-੦੦ ਦੁਪਹਿਰ |
| ❋ | ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਜੀ ਦੀ ਸਫਾਈ | ੧੨ ਤੋਂ ੧ ਦੁਪਹਿਰ |
| ❋ | ਭੋਗ ਦੇਗ ਪ੍ਰਸ਼ਾਦਿ | ੩-੪੫ ਦੁਪਹਿਰ |
| ❋ | ਕਥਾ ਸੂਰਜ ਪ੍ਰਕਾਸ਼ | ੪ ਤੋਂ ੫ ਦੁਪਹਿਰ |
| ❋ | ਕੀਰਤਨ ਸੋਦਰ ਚੌਕੀ | ੫-੦੦ ਸ਼ਾਮ |
| ❋ | ਪਾਠ ਰਹਿਰਾਸ ਸਾਹਿਬ ਜੀ | ੬-੩੦ ਸ਼ਾਮ |
| ❋ | ਆਰਤੀ ਚੌਕੀ ਸਵੈਯੇ | ੭-੩੦ ਰਾਤ |
| ❋ | ਕੀਰਤਨ ਸੋਹਿਲਾ | ੮-੪੫ ਰਾਤ |

# ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ

**ਪਵਿੱਤਰ ਇਤਿਹਾਸਕ ਸ਼ਸਤ੍ਰਾਂ ਦੇ ਦਰਸ਼ਨ ਰਾਤ ਨੂੰ ਆਰਤੀ ਤੋਂ ਉਪਰੰਤ ਕਰਾਏ ਜਾਂਦੇ ਹਨ ।**

**ਗੁਰੂ ਕਾ ਲੰਗਰ ੨੪ ਘੰਟੇ ਅਤੁੱਟ ਵਰਤਦਾ ਹੈ ।**

ਜੀਵਨੀ

# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ (ਜਨਮ) ਕੀਰਤਪੁਰ ਵਿੱਚ ਮਾਘ ਸੁਦੀ੧੩ (੧੯ ਮਾਘ) ਸੰਮਤ ੧੬੮੭ ਮੁਤਾਬਿਕ ੧੬ ਜਨਵਰੀ ਸੰਨ ੧੬੩੦ ਈ: ਨੂੰ ਹੋਇਆ ਸੀ। ਆਪ ਦੇ ਪਿਤਾ ਬਾਬਾ ਗੁਰਦਿੱਤਾ ਜੀ ਸਨ ਅਤੇ ਬਾਬਾ ਧੀਰਮਲ ਜੀ ਆਪ ਦੇ ਵੱਡੇ ਭਰਾ ਸਨ । ਮਾਤਾ ਜੀ ਦਾ ਨਾਮ ਬੀਬੀ ਨਿਹਾਲ ਕੌਰ ਸੀ ।

ਬਚਪਨ ਤੋਂ ਹੀ ਆਪ ਦਾ ਸੁਭਾਵ ਬੜਾ ਹੀ ਕੋਮਲ ਤੇ ਸੰਵੇਦਨਸ਼ੀਲ ਸੀ । ਆਪ ਨੂੰ ਜਾਨਵਰਾਂ ਨੂੰ ਦੁੱਖ ਦੇਣਾ ਤਾਂ ਦੂਰ ਰਿਹਾ ਆਪ ਤਾਂ ਬਗੀਚੇ ਵਿੱਚ ਖਿੜੇ ਹੋਏ ਫੁੱਲਾਂ ਨੂੰ ਵੀ ਨੁਕਸਾਨ ਪਹੁੰਚਾਣਾ ਗਵਾਰਾ ਨਹੀਂ ਸੀ । ਇੱਕ ਦਿਨ ਬਚਪਨ ਵਿੱਚ ਕਰਤਾਰਪੁਰ ਦੇ ਬਾਗ ਵਿੱਚ ਟਹਿਲ ਰਹੇ ਸਨ । ਆਪ ਦੇ ਚੋਲੇ ਨਾਲ ਇੱਕ ਫੁੱਲ ਟੁੱਟ ਕੇ ਫਰਸ਼ ਤੇ ਆ ਡਿੱਗਾ । ਆਪ ਨੂੰ ਬੜਾ ਦੁੱਖ ਹੋਇਆ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੁੱਛਿਆ ਕਿ ਕੀ ਹੋਇਆ ਤਾਂ ਆਪਜੀ ਨੇ ਕਿਹਾ ਕਿ ਮੇਰੇ ਚੋਲੇ ਨਾਲ ਅੜਕੇ ਇੱਕ ਫੁੱਲ ਟੁਟ ਗਿਆ ਹੈ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ ਕਿ ਪੁੱਤਰ, ਜੇ ਵੱਡਾ ਚੋਲਾ ਪਾ ਕੇ ਚਲੋਗੇ ਤਾਂ ਧਿਆਨ ਵੀ ਰਖਣਾ ਪਵੇਗਾ, ਚੋਲੇ ਨੂੰ ਸਾਂਭਣਾ ਵੀ ਪਵੇਗਾ । ਗੁਰੂ ਜੀ ਦਾ ਭਾਵ ਸੀ ਕਿ ਜੇ ਵੱਡੀ ਜ਼ਿੰਮੇਵਾਰੀ ਹੋਵੇ ਤਾਂ ਉਤਨਾ ਹੀ ਸੁਚੇਤ ਰਹਿਣਾ ਪਵੇਗਾ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਚੇਤ ਵਦੀ ੧੩ ਸੰਮਤ ੧੭੦੧ ਨੂੰ ਗੁਰਤਾ ਗੱਦੀ ਦੇ ਦਿਤੀ ਉਸ ਸਮੇਂ ਆਪ ਜੀ ਦੀ ਉਮਰ ੧੪ ਸਾਲਾਂ ਦੀ ਸੀ । ਭਾਵੇਂ ਉਮਰ ਛੋਟੀ ਸੀ, ਪਰ ਆਪ ਜੀ ਨੇ ਗੁਰਤਾ ਗੱਦੀ ਦੀ ਜ਼ਿੰਮੇਵਾਰੀ ਪੂਰੀ ਸਫਲਤਾ ਨਾਲ ਨਿਭਾਈ ।

ਇਸ ਸਮੇਂ ਤੀਕ ਔਰੰਗਜ਼ੇਬ ਆਪਣੇ ਭਰਾਵਾਂ ਨੂੰ ਕਤਲ ਕਰਵਾ ਕੇ, ਪਿਤਾ ਸ਼ਾਹਜਹਾਂ ਨੂੰ ਕੈਦ ਕਰਕੇ ਆਪ ਬਾਦਸ਼ਾਹ ਬਣ ਬੈਠਾ ਸੀ । ਔਰੰਗਜ਼ੇਬ ਦੇ ਨਾਲ ਉਸ ਦੇ ਭਰਾ ਦਾਰਾ ਸ਼ਿਕੋਹ ਦੀ ਵੀ ਜੰਗ ਹੋਈ ਪਰ ਇਸ ਜੰਗ ਵਿੱਚ ਦਾਰਾ ਸ਼ਿਕੋਹ ਦੀ ਹਾਰ ਹੋਈ । ਉਹ ਜੰਗ ਭੂਮੀ ਤੋਂ ਗੁਰੂ ਜੀ ਵੱਲ ਸਹਾਇਤਾ ਲਈ ਗੁਰੂ ਜੀ ਦੀ ਸ਼ਰਨ ਵਿੱਚ ਆਇਆ। ਜਦੋਂ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਸ ਨੇ ਸ਼ਾਹੀ ਫੌਜ ਉਸ ਨੂੰ (ਦਾਰਾ ਸ਼ਿਕੋਹ) ਗ੍ਰਿਫਤਾਰ ਕਰਨ ਲਈ ਭੇਜ ਦਿਤੀ । ਗੁਰੂ ਜੀ ਨੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ । ਸ਼ਰਨ ਆਏ ਦਾਰਾ ਸ਼ਿਕੋਹ ਨੂੰ ਸੁਰੱਖਿਅਤ ਅੱਗੇ ਜਾਣ ਦਿੱਤਾ । ਔਰੰਗਜ਼ੇਬ ਦੀ ਸ਼ਾਹੀ ਫੌਜ ਦਾ ਰਸਤਾ ਰੋਕ ਕੇ ਕੁਛ ਚਿਰ ੨੨੦੦ ਘੋੜ ਸਵਾਰ ਦਰਿਆ ਕੰਢੇ ਖੜੇ ਰਹੇ । ਜਦ ਇਹ ਖਬਰ ਔਰੰਗਜ਼ੇਬ ਨੂੰ ਪਹੁੰਚੀ ਤਾਂ ਉਹ ਗੁੱਸੇ ਵਿੱਚ ਤਾਂ ਬਹੁਤ ਆਇਆ ਪਰ ਦੇਸ਼ ਦੀ ਰਾਜਸੀ ਹਾਲਤ ਉਸ ਸਮੇਂ ਠੀਕ ਨਾ ਹੋਣ ਕਰਕੇ ਗੁਰੂ ਘਰ ਨਾਲ ਵਿਗਾੜਨਾ ਠੀਕ ਨਹੀਂ ਸਮਝਿਆ ।

ਗੁਰੂ ਜੀ ਪ੍ਰਚਾਰ ਲਈ ਮਾਲਵੇ ਵਿੱਚ ਆਏ । ਇਥੇ ਹੀ ਭਾਈ ਕਾਲਾ ਆਪਣੇ ਭਰਾ ਭਾਈ ਰੂਪਾ ਦੇ ਪੁੱਤਰਾਂ ਫੂਲ ਤੇ ਸੰਦਲੀ ਨੂੰ ਨਾਲ ਲੈ ਕੇ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ। ਭਾਈ ਕਾਲੇ ਦੀ ਸਿਖਾਵਟ ਅਨੁਸਾਰ ਦੋਵੇਂ ਬੱਚੇ ਗੁਰੂ ਜੀ ਦੇ ਸਾਮਣੇ ਆਪਣਾ ਢਿੱਡ ਵਜਾਉਣ ਲੱਗੇ ।

ਇਹਨਾਂ ਬੱਚਿਆਂ ਵੱਲ ਗੁਰੂ ਜੀ ਨੇ ਵੇਖ ਕੇ ਪੁਛਿਆ ਕਿ ਕੀ ਗੱਲ ਹੈ ? ਢਿੱਡ ਕਿਉਂ ਵਜਾਉਂਦੇ ਹੋ ? ਤਾਂ ਭਾਈ ਕਾਲੇ ਨੇ ਕਿਹਾ ਮਹਾਰਾਜ ਭੁੱਖੇ ਹਨ, ਖਾਣ ਨੂੰ ਮੰਗਦੇ ਹਨ । ਗੁਰੂ ਜੀ ਇਸ ਤਰਹਾਂ ਦੇ ਤਰੀਕੇ ਤੇ ਬਹੁਤ ਪ੍ਰਸੰਨ ਹੋਏ ਤੇ ਦੋਹਾਂ ਨੂੰ ਵਰਦਾਨ ਦਿੱਤਾ ਕਿ ਇਹ ਇਸ ਇਲਾਕੇ ਦੇ ਮਾਲਕ ਹੋਣਗੇ । ਉਹ ਖੁਸ਼ੀ ਖੁਸ਼ੀ ਆਪਣੇ ਘਰ ਚਲਾ ਆਇਆ । ਉਸ ਦੀ ਘਰ ਵਾਲੀ ਕਹਿਣ ਲਗੀ ਕਿ ਆਪਣੇ ਭਰਾ ਦੇ ਪੁੱਤਰਾਂ ਲਈ ਤਾਂ ਵਰਦਾਨ ਲੈ ਆਏ ਹੋ, ਆਪਣੇ ਬੱਚਿਆਂ ਲਈ ਵੀ ਕੁਛ ਮੰਗਣਾ ਸੀ ।

ਇਹ ਸੁਣ ਕੇ ਦੂਜੇ ਦਿਨ ਭਾਈ ਕਾਲਾ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਹਜ਼ੂਰੀ ਵਿੱਚ ਹਾਜਰ ਹੋਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਮੇਰੇ ਪੁੱਤਰਾਂ ਤੇ ਵੀ ਕ੍ਰਿਪਾ ਕਰੋ । ਗੁਰੂ ਜੀ ਨੇ ਕਿਹਾ ਉਹ ਸਮਾਂ ਨਿਕਲ ਗਿਆ ਹੈ ਪਰ ਤੇਰੇ ਪੁੱਤਰ ਭੁਖੇ ਨਹੀਂ ਰਹਿਣਗੇ, ਸਰਦਾਰੀਆਂ ਜਰੂਰ ਪਾਉਣਗੇ ।

ਗੁਰੂ ਜੀ ਨੇ ਲੰਗਰ ਦੀ ਮਰਿਯਾਦਾ ਦਾ ਵੀ ਬੜਾ ਖਿਆਲ ਰੱਖਿਆ । ਕੀਰਤਪੁਰ ਵਿੱਚ ਇੱਕ ਗਰੀਬ ਮਾਈ ਸੀ ਜਿਸ ਦੀ ਇੱਛਾ ਸੀ ਕਿ ਗੁਰੂ ਜੀ ਉਸਦੇ ਹੱਥੋਂ ਬਣੀ ਹੋਈ ਰੋਟੀ ਛਕਣ । ਇਕ ਦਿਨ ਅਚਾਨਕ ਗੁਰੂ ਜੀ ਨੇ ਘੋੜੇ ਤੇ ਸਵਾਰ ਹੋ ਕੇ ਹੀ ਉਸ ਮਾਈ ਦੇ ਬੂਹੇ ਤੇ ਜਾ ਆਵਾਜ ਲਗਾਈ ''ਚਲ ਮਾਈ ਲੰਗਰ ਛਕਾ'' । ਮਾਈ ਬੜੀ ਹੀ ਗਦ ਗਦ ਹੋਈ ਤੇ ਖੁਸ਼ੀ ਨਾਲ ਗੁਰੂ ਜੀ ਨੂੰ ਲੰਗਰ ਛਕਾਇਆ । ਗੁਰੂ ਜੀ ਨੇ ਲੰਗਰ ਛਕ ਕੇ ਉਸਦੀ ਮਨ ਦੀ ਇੱਛਾ ਪੂਰਨ ਕੀਤੀ ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਮਿਲਣ ਲਈ ਦਿੱਲੀ ਬੁਲਵਾਇਆ । ਗੁਰੂ ਜੀ ਨੇ ਆਪ ਨਾ ਜਾ ਕੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜਿਆ । ਜਾਣ ਲੱਗਿਆਂ ਗੁਰੂ ਜੀ ਨੇ ਕਿਹਾ ਕਿ ਹਰ ਸਮੇਂ ਗੁਰੂ ਨੂੰ ਅੰਗ ਸੰਗ ਸਮਝਣਾ । ਬਾਬਾ ਰਾਮ ਰਾਏ ਦਿੱਲੀ ਆਏ । ਇਥੇ ਔਰੰਗਜ਼ੇਬ ਨੇ ਕਈ ਪ੍ਰਕਾਰ ਤੋਂ ਬਾਬਾ ਰਾਮ ਰਾਇ ਨੂੰ ਕਈ ਸਵਾਲ ਕੀਤੇ ਹਰ ਸਵਾਲ ਦਾ ਜੁਆਬ ਬਾਬਾ ਰਾਮ ਰਾਇ ਨੇ ਠੀਕ ਚਤੁਰਾਈ ਨਾਲ ਦਿਤਾ ਪਰ ਜਦੋਂ ਬਾਦਸ਼ਾਹ ਨੇ ਇਹ ਗੱਲ ਛੇੜੀ ਕਿ ਤੁਹਾਡੇ ਬਜ਼ੁਰਗ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਲਾਮ (ਬਾਣੀ) ਵਿੱਚ ਇਹ ਲਿਖਿਆ ਹੈ ਕਿ 'ਮਿਟੀ ਮੁਸਲਮਾਨ ਕੀ......' ਇਸ ਦਾ ਕੀ ਭਾਵ ਹੈ ? ਹੁਣ ਬਾਬਾ ਰਾਮ ਰਾਇ ਜੀ ਇਥੇ ਡੋਲ ਗਏ ਉਹ ਔਰੰਗਜ਼ੇਬ ਨਾਲ ਚੰਗਾ ਰਸੂਖ ਬਣਾ ਚੁੱਕੇ ਸਨ । ਉਸ ਨੂੰ ਵਿਗਾੜਨਾ ਨਹੀਂ ਚਹੁੰਦੇ ਸਨ ਇਸ ਲਈ ਕਹਿ ਦਿਤਾ ਕਿ ਅਸਲ ਵਿੱਚ ਇਹ 'ਮਿਟੀ ਬੇਈਮਾਨ ਕੀ ..... ' ਹੈ ਲਿਖਾਰੀ ਦੀ ਗਲਤੀ ਨਾਲ ਇਸ ਤਰਹਾਂ ਲਿਖਿਆ ਗਿਆ ਹੈ। ਇਹ ਬਾਣੀ ਵਿੱਚ ਬਦਲ ਕਰਕੇ ਬਾਬਾ ਰਾਮ ਰਾਇ ਜੀ ਨੇ ਬਹੁਤ ਵੱਡੀ ਗਲਤੀ ਕੀਤੀ । ਜਦੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਹ ਗੱਲ ਪਤਾ ਲੱਗੀ ਤਾਂ ਗੁਰੂ ਜੀ ਨੇ ਬੇਹੱਦ ਸਖਤ ਆਗਿਆ ਕੀਤੀ ਕਿ ਦਿੱਲੀ ਤੋਂ ਸਾਡੇ ਕੋਲ ਨਾ ਆਵੀਂ ਤੇ ਤੂੰ ਗੁਰੂ ਘਰ ਨਾਲ ਧ੍ਰੋਹ ਕਮਾਇਆ ਹੈ, ਸਾਨੂੰ ਆਪਣਾ ਮੂੰਹ ਨਾ ਵਿਖਾਈ ਅਸਾਂ ਨੇ ਤੇਰੇ ਨਾਲ ਹਰ ਪ੍ਰਕਾਰ ਦਾ ਸਬੰਧ ਤੋੜ ਲਿਆ ਹੈ ਤੇ ਤੈਨੂੰ ਸਿੱਖੀ ਤੋਂ ਖਾਰਿਜ਼ ਕਰ ਦਿੱਤਾ ਹੈ ।

ਗੁਰੂ ਜੀ ਨੇ ਆਪਣੇ ਛੋਟੇ ਪੁੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਯੋਗ ਜਾਣ ਕੇ ਗੁਰਤਾ ਗੱਦੀ ਬਖਸ਼ ਦਿੱਤੀ ।

*ਗਿ: ਅਵਤਾਰ ਸਿੰਘ ਸ਼ੀਤਲ*

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਲਈ ਬੈਂਕ ਜਾਂ ATM ਰਾਹੀਂ ਸਿੱਧੇ ਮਾਇਆ ਭੇਜਣ ਬਾਰੇ ਸੂਚਨਾਂ

੧) ਦੇਸ਼ ਭਰ ਵਿਚੋਂ ਕਿਸੇ ਵੀ ਥਾਂ ਤੋਂ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਨਾਂਦੇੜ ਲਈ Current Account No. 01 ਜਾਂ Saving Account No. 85 ਵਿਚ ਸਿੱਧੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਮਾਇਆ ਜਮਾਂ ਕੀਤੀ ਜਾ ਸਕਦੀ ਹੈ । ਬੈਂਕ ਵਲੋਂ ਕਿਸੇ ਪ੍ਰਕਾਰ ਦਾ ਬੈਂਕ ਕਮਿਸ਼ਨ / ਚਾਰਜ ਨਹੀਂ ਲਿਆ ਜਾਂਦਾ ।

੨) ਦੇਸ਼ ਭਰ ਦੇ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿਚੋਂ Saving Account No. 0367000100002416 ਵਿਚ ਆਪਣੀ ਮਾਇਆ ਜਮਾਂ ਕਰਵਾ ਸਕਦੇ ਹੋ।

੩) ਦੇਸ਼ ਭਰ ਦੇ ਸਟੇਟ ਬੈਂਕ ਦੇ ਕਿਸੇ ਵੀ ATM ਰਾਹੀਂ ਗੁਰਦੁਆਰਾ Current Account No. 11265873563 ਵਿਚ ਮਾਇਆ ਜਮਾਂ ਕੀਤੀ ਜਾ ਸਕਦੀ ਹੈ ।

੪) ਵਿਦੇਸ਼ ਵਿਚ ਕਿਸੇ ਸਥਾਨਕ ਸਟੇਟ ਬੈਂਕ ਆਫ ਇੰਡੀਆ ਦੇ ਸ਼ਾਖਾ ਤੋਂ Saving Account No. 11265876360 ਵਿਚ ਸਿੱਧੇ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੫) ਇਸ ਤੋਂ ਇਲਾਵਾ AXIS (UTI) Bank ਵਲੋਂ On Line Donation ਭੇਜਣ ਦੀ ਸੁਵਿਧਾ ਦਿੱਤੀ ਗਈ ਹੈ । ਜਿਸ ਲਈ www.hazursahib.com. ਸਾਈਟ ਤੇ ਜਾ ਕੇ On Line ਮਾਇਆ ਭੇਜ ਸਕਦੇ ਹੋ ।

*ਵਿਸ਼ੇਸ਼ ਨੋਟ :*

- ਬੈਂਕ ਜਾਂ ATM ਰਾਹੀਂ ਮਾਇਆ ਜਮਾਂ ਕਰਵਾਉਣ ਤੋਂ ਬਾਅਦ ਬੈਂਕ/ਰਸੀਦ ਦੀ ਫੋਟੋ ਕਾਪੀ (ਜ਼ਿਰਾਕਸ) ਅਤੇ ਆਪਣਾ ਨਾਂ, ਪਤਾ, ਫੋਨ, ਮੋਬਾਇਲ ਨੰਬਰ ਆਦਿ ਜਾਣਕਾਰੀ ਸਹਿਤ ਪੱਤਰ ਤੁਰੰਤ ਭੇਜੋ ਜਾਂ ਫੈਕਸ ਨੰਬਰ 02462-234812 ਅਤੇ E-Mail:contact@hazursahib.com ਰਾਹੀਂ ਸੂਚਿਤ ਕਰੋ ਤਾਂ ਜੋ ਆਪ ਜੀ ਵਲੋਂ ਜਮਾਂ ਭੇਟਾ ਦੀ ਪੱਕੀ ਰਸੀਦ ਆਪ ਜੀ ਦੇ ਪੱਤੇ ਤੇ ਭੇਜੀ ਜਾ ਸਕੇ ।
- ਬੈਂਕ ਡਰਾਫਟ, ਚੈਕ Superintendent, Gurdwara Sachkhand Board, Nanded(M.S) ਦੇ ਨਾਮ ਦਾ ਬਣਾ ਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ ।
- ਚਿੱਠੀ ਪੱਤਰ ਲਈ ਪਤਾ ਅੰਗਰੇਜ਼ੀ ਵਿਚ ਅਤੇ ਕੈਪੀਟਲ ਅੱਖਰਾਂ ਵਿਚ ਹੀ ਲਿਖ ਕੇ ਭੇਜੋ ਜੀ।
- ਭੇਟਾ ਵਜੋਂ ਭੇਜੀ ਮਾਇਆ Income Tax U/S.80G ਤਹਿਤ ਟੈਕਸ ਮੁਕਤ ਹੈ ।

*ਵਧੇਰੇ ਜਾਣਕਾਰੀ ਲਈ ਸੰਪਰਕ ਪਤਾ :*

**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 240083, 234813, ਫੈਕਸ : 02462-234812
ਗੁਰੂ ਰਾਮਦਾਸ ਜੀ ਯਾਤ੍ਰੀ ਨਿਵਾਸ 313517, 234901, ਐਨ.ਆਰ.ਈ. ਯਾਤ੍ਰੀ ਨਿਵਾਸ 234902, ਗੁਰਦੁਆਰਾ ਪਰਿਸਰ 234903
E-mail:- contact@hazursahib.com Visit us at:- http://www.hazursahib.com.

ੴ ਵਾਹਿਗੁਰੂ ਜੀ ਕੀ ਫਤਹਿ ॥

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਜ਼ਰੂਰੀ ਸੂਚਨਾ

ਸਮੂੰਹ ਸੰਗਤਾਂ ਦੇ ਗਿਆਤ ਲਈ ਦੱਸਿਆ ਜਾਂਦਾ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਨਾਨਕ ਨਾਮ ਲੇਵਾ ਬਜ਼ੁਰਗਾਂ ਦੀ ਸਹੂਲਤ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਧ ਆਸ਼ਰਮ ਖੋਲ੍ਹਿਆ ਗਿਆ ਹੈ । ਦਾਖਲ ਹੋਣ ਵਾਲੇ ਬਿਰਧ ਦੀ ਉਮਰ 60 ਸਾਲ ਤੋਂ ਘੱਟ ਨਾ ਹੋਵੇ ਅਤੇ ਸਧਾਰਨ ਤੌਰ 'ਤੇ ਹਰ ਇੱਕ ਬਿਰਧ ਨਿਵਾਸੀ ਨੂੰ ਇੱਕ ਮਹੀਨੇ ਦਾ ਖਰਚ 1000/- ਰੁਪੈ ਰੱਖਿਆ ਗਿਆ ਹੈ ਜਿਸ ਵਿੱਚ ਰਹਿਣ-ਸਹਿਣ, ਖਾਣ-ਪੀਣ ਦੀਆਂ ਸਹੂਲਤਾਂ ਦਿਤੀਆਂ ਜਾਣਗੀਆਂ । ਇਸ ਤੋਂ ਇਲਾਵਾ 2000/- ਰੁਪੈ ਸਿਕਿਉਰਟੀ ਰੱਖੀ ਗਈ ਹੈ ਜੋ ਬਾਅਦ ਵਿੱਚ ਵਾਪਿਸ ਹੋ ਜਾਵੇਗੀ । ਫਿਰ ਵੀ, ਕਿਸੇ ਬਿਰਧ ਨਿਵਾਸੀ ਦੀ ਆਰਥਿਕ ਦਸ਼ਾ ਦੇਖਦੇ ਹੋਏ ਪ੍ਰਬੰਧਕਾਂ ਵੱਲੋਂ ਇਸ ਖਰਚੇ ਅਤੇ ਸਿਕਿਉਰਟੀ ਵਿੱਚ ਛੋਟ ਜਾਂ ਸਾਰੇ ਹੀ ਮਾਫ ਕੀਤੇ ਜਾ ਸਕਦੇ ਹਨ। ਬਿਰਧ ਆਸ਼ਰਮ ਦਾ ਅਸਲੀ ਮਕਸਦ ਹਰ ਬਿਰਧ ਦੀ ਸਹਾਇਤਾ ਕਰਨਾ ਹੈ । ਹਰ ਪ੍ਰਾਰਥੀ ਨੂੰ ਪਹਿਲਾਂ 6 (ਛੇ) ਮਹੀਨੇ ਰਹਿਣ ਦੀ ਆਗਿਆ ਦਿਤੀ ਜਾਵੇਗੀ ਉਪਰੰਤ ਉਸ ਦੇ ਵਿਵਹਾਰ ਤੇ ਚਾਲ ਚਲਣ ਨੂੰ ਵੇਖਕੇ ਅੱਗੇ ਲਈ ਰਹਿਣ ਦੀ ਆਗਿਆ ਦਿਤੀ ਜਾਵੇਗੀ । ਸੰਗਤਾਂ ਲਾਭ ਉਠਾਉਣ ਜੀ।


**ਸੁਪਰਡੈਂਟ**

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ-431601

(ਮਹਾਰਾਸ਼ਟਰ)

ਫੋਨ : 02462-234813, 243559, 244166, ਫੈਕਸ : 02462-234812

E-mail:- contact@hazursahib.com

Visit us at:- http://www.hazursahib.com.

ੴ ਵਾਹਿਗੁਰੂ ਜੀ ਕੀ ਫਤਹਿ ॥

# Takhat Sachkhand Sri Hazur

## Abchalnagar Sahib, Nanded

## Sadh Sangat ji - kind attention

The Sadh Sangat, specially the NRI-Sangat is here by informed that we, on behalf of Gurdwara Takhat Sachkhand Sri Hazur Abchalnagar Sahib Board Nanded, have not sent any of our Employees, Officers, Gyani or any other Saint / Person to collect the donations for the Gurdwara Takhat Sachkhand Sri Hazur Abchalnagar Sahib, Nanded.

It is a request to the Sangat not to give their contributions to any such person who himself admits and shows any forged documents or photographs or Video Tapes/CDs to prove that he is being sent to collect the donations for the Gurdwara Takhat Sachkhand Sri Hazur Abchalnagar Sahib, Nanded.

Hence, I request the Sangat to send their Contributions/ Donations in favour of "*The Superintendent Gurdwara Takhat Sachkhand Sri Hazur Abchalnagar Sahib, Nanded-431601 (M.S.) India*", by Cheque, Draft or M.O.

*Superintendent,*
*Gurdwara Takhat Sachkhand Sri Hazur*
*Abchalnagar Sahib, Nanded-431601 (M.S.) INDIA*
Ph.-(02462)-234813, 243559, 241266, 244166. Fax No.-02462-234812.
**E-mail:- contact@hazursahib.com**
**Visit us at:- http://www.hazursahib.com.**

## ਗੁਰਦੁਆਰਾ ਤਖ਼ਤ ਸੱਚਖੰਡ ਸਾਹਿਬ ਦੇ
## ਪੁਛ-ਗਿੱਛ ਦਫਤਰ ਤੇ ਹੋਰ ਜਰੂਰੀ ਫੋਨ ਨੰਬਰ

| | |
|---|---|
| ਦਫਤਰ ਸੁਪਰਡੈਂਟ ਗੁਰਦੁਆਰਾ ਸੱਚਖੰਡ ਬੋਰਡ | = 02462 -243559, 244166, 240083 |
| ਦਫਤਰ ਚੇਅਰਮੈਨ ਪ੍ਰਸ਼ਾਸਕੀ ਸਮਿਤੀ | = 02462-234813 |
| ਦਫਤਰ ਪੁੱਛ-ਗਿਛ ਅਖੰਡ ਪਾਠ ਸਾਹਿਬ | = 02462-241266 |
| ਦਫਤਰ ਮਾਸਿਕ ਸੱਚਖੰਡ ਪੱਤਰ | = 02462-231170 |
| ਫੈਕਸ ਨੰਬਰ ਦਫਤਰ ਗੁਰਦੁਆਰਾ ਸੱਚਖੰਡ ਬੋਰਡ | = 02462-234812 |
| ਸ੍ਰੀ ਗੁਰੂ ਰਾਮਦਾਸ ਜੀ ਯਾਤ੍ਰੀ ਨਿਵਾਸ | = 02462-234901 |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਨ.ਆਰ.ਈ. ਯਾਤ੍ਰੀ ਨਿਵਾਸ | = 02462-234902 |
| ਰਿਹਾਇਸ਼ ਗੁ: ਸੱਚਖੰਡ ਸਾਹਿਬ ਪਰਿਸਰ | = 02462-234903 |
| ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਯਾਤ੍ਰੀ ਨਿਵਾਸ | = 02462-313517 |

## *ਗੁਰਦੁਆਰਾ ਤਖ਼ਤ ਸੱਚਖੰਡ ਸਾਹਿਬ ਵੱਲੋਂ*
## *ਫ੍ਰੀ-ਬੱਸ ਸੇਵਾ*

ਰੇਲਵੇ ਸਟੇਸ਼ਨ ਨਾਂਦੇੜ ਤੋਂ ਸੱਚਖੰਡ ਐਕਸਪ੍ਰੈਸ ਟ੍ਰੇਨ ਰਾਹੀਂ ਆਉਣ ਵਾਲੀਆਂ ਸੰਗਤਾਂ ਲਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰਪੋਰਟ ਨਾਂਦੇੜ ਤੋਂ ਆਉਣ ਵਾਲੀਆਂ ਸੰਗਤਾਂ ਲਈ ਤਖ਼ਤ ਸੱਚਖੰਡ ਸਾਹਿਬ ਸਰਾਵਾਂ ਤੀਕ ਫ੍ਰੀ-ਬੱਸ ਸੇਵਾ ਹੈ ਜੀ ਅਤੇ ਇਸੇ ਤਰ੍ਹਾਂ ਰੋਜਾਨਾ ਸਵੇਰੇ **8.30** ਵਜੇ ਸਰਾਵਾਂ ਤੋਂ ਰੇਲਵੇ ਸਟੇਸ਼ਨ ਲਈ ਫ੍ਰੀ-ਬੱਸ ਸੇਵਾ ਦਾ ਪ੍ਰਬੰਧ ਹੈ ਜੀ ।

**ਨਾਮ ਜਪੋ**

**ਕਿਰਤ ਕਰੋ**

**ਵੰਡ ਛਕੋ**

# ਤੁਮ ਹੋ ਸਭ ਰਾਜਨ ਕੇ ਰਾਜਾ

-ਗਿਆਨੀ ਤਰਲੋਚਨ ਸਿੰਘ

ਗੁਰਬਾਣੀ ਅਨੁਸਾਰ ਮਨੁੱਖ ਦੇ ਜੀਵਨ ਦਾ ਨਿਸ਼ਾਨਾ ਪਰਮਾਤਮਾ ਦੀ ਪ੍ਰਾਪਤੀ ਹੈ । ਮਨੁੱਖੀ ਜੀਵਨ ਦਾ ਅਸਲ ਮਨੋਰਥ ਪਰਮਾਤਮਾ ਨੂੰ ਮਿਲਣ ਲਈ ਹਮੇਸ਼ਾ ਤੱਤਪਰ ਰਹਿਣਾ ਹੈ। ਇਸ ਮਨੋਰਥ ਵਿਚ ਜੀਵਨ ਦਾ ਅਸਲ ਅਰਥ ਲੁਕਿਆ ਹੋਇਆ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਫੁਰਮਾਉਂਦੇ ਹਨ :

''ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥''
(ਪੰਨਾ ੧੨)

ਅਕਾਲ ਪੁਰਖ ਵਾਹਿਗੁਰੂ ਸੰਸਾਰ ਦੇ ਵੱਡੇ ਤੋਂ ਵੱਡੇ ਮਨੁੱਖਾਂ ਦਾ ਹਾਕਮ ਤੇ ਰਾਜਾ ਹੈ। ਅਸੀਂ ਸਾਰੇ ਦੁਨਿਆਵੀ ਲੋਕ ਉਸ ਦੇ ਦਰ ਦੇ ਭਿਖਾਰੀ ਹਾਂ, ਉਹ ਗਰੀਬ-ਨਿਵਾਜ਼ ਹੈ । ਜਿਸ ਪ੍ਰਮਾਤਮਾ ਦੀ ਪ੍ਰਾਪਤੀ ਮਨੁੱਖੀ ਜੀਵਨ ਦਾ ਮਨੋਰਥ ਹੈ, ਉਸ ਦਾ ਟਿਕਾਣਾ ਮਨੁੱਖੀ ਸਰੀਰ ਹੀ ਹੈ । ਉਪਰੋਕਤ ਵਿਚਾਰ ਅਧੀਨ ਤੁਕ ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਜੋ ਦਸਮ ਗ੍ਰੰਥ ਦੀ ਮਹਾਨ ਰਚਨਾ 'ਕ੍ਰਿਸ਼ਨ ਅਵਤਾਰ' ਵਿਚ ਪਰਮ ਪਿਤਾ ਵਾਹਿਗੁਰੂ ਦੀ ਸਿਫਤ-ਸਲਾਹ ਵਜੋਂ ਦਰਜ ਹੈ । ਅਕਾਲ ਪੁਰਖ ਵਾਹਿਗੁਰੂ ਸਾਡੀ ਰੱਖਿਆ ਕਰਨ ਵਾਲਾ ਹੈ । ਅਸੀਂ ਉਸ ਪ੍ਰਭੂ ਦੇ ਦਾਸ ਹਾਂ, ਪ੍ਰਭੂ ਸਾਨੂੰ ਆਪਣੇ ਜਾਣ ਕੇ ਸਾਡੀ ਪ੍ਰਤਿਪਾਲ ਕਰਦਾ ਹੈ। ਸਾਡੇ ਦੁਸ਼ਮਣਾਂ ਦਾ ਸੰਘਾਰ ਕਰਨ ਵਾਲਾ ਵੀ ਉਹੀ ਪਰਮ-ਪਿਤਾ ਪਰਮਾਤਮਾ ਹੀ ਹੈ । ਸਾਡੀ ਰੋਜ਼ੀ-ਰੋਟੀ ਦਾ ਪ੍ਰਬੰਧ ਵੀ ਉਸੇ ਵਾਹਿਗੁਰੂ ਦੇ ਹੱਥ ਵਿਚ ਹੈ । ਕਲਗੀਧਰ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਬਚਨ ਹਨ :

''ਮਹਾਂਕਾਲ ਰਖਵਾਰ ਹਮਾਰੋ ॥
ਮਹਾਂ ਲੋਹ ਮੈਂ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥
ਬਾਂਹਿ ਗਹੇ ਕੀ ਲਾਜ ਬਿਚਾਰ ॥੪੩੫॥
ਅਪਨਾ ਜਾਨ ਮੁਝੈ ਪ੍ਰਤਿਪਰੀਐ ॥
ਚੁਨ ਚੁਨ ਸਤ੍ਰ ਹਮਾਰੇ ਮਰੀਐ ॥
ਦੇਗ ਤੇਗ ਜਗ ਮੈ ਦੋਊ ਚਲੈ ॥
ਰਾਖੁ ਆਪ ਮੁਹਿ ਅਉਰੁ ਨ ਦਲੈ ॥੪੩੬॥
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥
ਤੁਮ ਸਾਹਿਬ ਮੈ ਦਾਸ ਤਿਹਾਰਾ ॥
ਜਾਨ ਆਪਨਾ ਮੁਝੈ ਨਿਵਾਜ ॥
ਆਪ ਕਰੋ ਹਮਰੇ ਸਭ ਕਾਜ ॥੪੩੭॥
ਤੁਮ ਹੋ ਸਭ ਰਾਜਨ ਕੇ ਰਾਜਾ ॥
ਆਪੇ ਆਪੁ ਗਰੀਬ ਨਿਵਾਜਾ ॥
ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ ॥
ਹਾਰ ਪਰਾ ਮੈ ਆਨ ਦ੍ਵਾਰ ਤੁਹਿ ॥੪੩੮॥
ਅਪਨਾ ਜਾਨ ਕਰੋ ਪ੍ਰਤਿਪਾਰਾ ॥
ਤੁਮ ਸਾਹਿਬੁ ਮੈਂ ਕਿੰਕਰ ਥਾਰਾ ॥
ਦਾਸ ਜਾਨ ਦੈ ਹਾਥ ਉਬਾਰੋ ॥
ਹਮਰੇ ਸਭ ਬੈਰੀਅਨ ਸੰਘਾਰੋ ॥੪੩੯॥''

ਜਿਹੜੇ ਜੀਵ ਪ੍ਰਭੂ ਨਾਮ ਦਾ ਸਿਮਰਨ ਕਰਦੇ ਹਨ, ਇਸ ਸੰਸਾਰ ਦੇ ਅਸਲੀ ਪਾਤਸ਼ਾਹ ਉਹੀ ਹਨ । ਹੋਰ ਸਭ ਪਾਤਸ਼ਾਹੀਆਂ ਵਿਅਰਥ ਹਨ । ਅਸਲ ਵਿਚ ਉਹ ਹੀ ਰਾਜਾ ਗੱਦੀ ਤੇ

ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ (ਪੰਜਾਬ)

ਟਿਕ ਸਕਦਾ ਹੈ ਜੋ ਉਸ ਦੇ ਯੋਗ ਹੋਵੇ । ਉਹ ਪ੍ਰਭੂ ਰਾਜਿਆਂ ਦਾ ਰਾਜਾ ਤੇ ਪਾਤਸ਼ਾਹਾਂ ਦਾ ਪਾਤਸ਼ਾਹ ਹੈ । ਉਹ ਹੀ ਸਮੁੱਚੇ ਸੰਸਾਰ ਦਾ ਪ੍ਰਬੰਧ ਚਲਾ ਰਿਹਾ ਹੈ । ਉਸ ਸੱਚੇ ਪ੍ਰਭੂ ਦੇ ਰਾਜ ਵਿਚ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਫਲ ਪਾਉਂਦਾ ਹੈ । ਕਰਮਾਂ ਦੇ ਲੇਖ ਮਿਟਾਏ ਨਹੀਂ ਜਾ ਸਕਦੇ । ਮਨੁੱਖ ਜੋ ਬੀਜਦਾ ਹੈ, ਉਹੋ ਉਸ ਨੂੰ ਖਾਣਾ ਪੈਂਦਾ ਹੈ । ਜਿਨ੍ਹਾਂ ਦੇ ਪੱਲੇ ਗੁਣ ਹਨ, ਉਹ ਅਸਲ ਵਿਚ ਇਸ ਧਰਤੀ ਤੇ ਰਾਜੇ ਹਨ । ਪਰਮਾਤਮਾ ਸਦਾ ਉਨ੍ਹਾਂ ਦੇ ਮਨ ਵਿਚ ਵੱਸਦਾ ਹੈ । ਜਿਨ੍ਹਾਂ ਦੇ ਪੱਲੇ ਔਗੁਣ ਹਨ, ਉਸ ਵਾਹਿਗੁਰੂ ਦਾ ਉਨ੍ਹਾਂ ਦੇ ਮਨ'ਚ ਵਾਸਾ ਨਹੀਂ ਹੋ ਸਕਦਾ । ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਉਸ ਦੇ ਬਰਾਬਰ ਦਾ ਹੋਰ ਕੋਈ ਪਾਤਸ਼ਾਹ ਨਹੀਂ ਹੈ । ਉਸ ਸੱਚੇ ਪਰਮ-ਪਿਤਾ ਪਰਮਾਤਮਾ ਨੇ ਪੂਰੇ ਇਨਸਾਫ ਨਾਲ ਸਿਫਤ-ਸਲਾਹ ਕਰਨ ਦੀ ਰੀਤ ਚਲਾਈ ਹੈ । ਉਸ ਵਾਹਿਗੁਰੂ ਦਾ ਹੁਕਮ ਸਦਾ ਅੱਟਲ ਹੈ । ਪ੍ਰਭੂ ਆਪ ਹੀ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਇਸ ਅਟੱਲ ਹੁਕਮ ਨੂੰ ਮੰਨਣ ਲਈ ਪ੍ਰੇਰਨਾ ਵੀ ਦਿੰਦੇ ਹਨ । ਰਾਮਕਲੀ ਰਾਗ ਵਿਚ ਤੀਜੇ ਸਤਿਗੁਰੂ ਸੇਵਾ ਦੇ ਪੁੰਜ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :

''ਤਿਸੁ ਬਿਨੁ ਅਵਰੁ ਨ ਕੋਈ ਰਾਜਾ
ਕਰਿ ਤਪਾਵਸੁ ਬਣਤ ਬਣਾਈ ॥
ਨਿਆਉ ਤਿਸੈ ਕਾ ਹੈ ਸਦ ਸਾਚਾ
ਵਿਰਲੇ ਹੁਕਮੁ ਮਨਾਈ ॥'' (ਪੰਨਾ ੯੧੨)

ਦੁਨਿਆਵੀ ਬਾਦਸ਼ਾਹ ਧਨ-ਦੌਲਤ ਇਕੱਠੀ ਕਰਦੇ-ਕਰਦੇ ਚਲੇ ਜਾਂਦੇ ਹਨ । ਅਕਾਲ ਪੁਰਖ ਵਾਹਿਗੁਰੂ ਸਦਾ ਥਿਰ ਰਹਿਣ ਵਾਲਾ ਹੈ । ਇਸ ਧਰਤੀ ਦੇ ਅਨੇਕਾਂ ਲੋਕ ਚੌਧਰ ਤੇ ਮਾਲ ਦੀ ਹਿਫਾਜ਼ਤ ਵਿਚ ਭਟਕਦੇ ਹਨ । ਜਦੋਂ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖਦੇ ਹਾਂ, ਪ੍ਰਭੂ-ਸਿਮਰਨ ਤੋਂ ਬਿਨਾਂ ਸਭ ਖੁਆਰ ਹੋ ਰਹੇ ਹਨ । ਸਿਮਰਨ ਮਨੁੱਖ ਨੂੰ ਜੀਵਨ ਦੀ ਸੋਝੀ ਵੀ ਬਖਸ਼ਿਸ਼ ਕਰਦਾ ਹੈ। ਰਾਗ ਸੋਰਠਿ ਵਿਚ ਭਗਤ ਕਬੀਰ ਜੀ ਇਸ ਸਚਾਈ ਦਾ ਵਰਣਨ ਕਰ ਰਹੇ ਹਨ :

''ਦਰਬੁ ਸੰਚਿ ਸੰਚਿ ਰਾਜੇ ਮੂਏ
ਗਡਿ ਲੇ ਕੰਚਨ ਭਾਰੀ ॥
ਬੇਦ ਪੜੇ ਪੜਿ ਪੰਡਿਤ ਮੂਏ
ਰੂਪੁ ਦੇਖਿ ਦੇਖਿ ਨਾਰੀ ॥
ਰਾਮ ਨਾਮ ਬਿਨੁ ਸਭੈ ਬਿਗੂਤੇ
ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ
ਕਹਿ ਉਪਦੇਸੁ ਕਬੀਰਾ ॥'' (ਪੰਨਾ ੬੫੪)

'ਐਸ਼ੋ-ਇਸ਼ਰਤ, ਹਕੂਮਤ ਦਾ ਨਸ਼ਾ, ਰੰਗ-ਤਮਾਸ਼ੇ ਤੋਂ ਵੱਡਾ ਠਾਠ-ਬਾਠ ਸਭ ਕੁਝ ਮਨੁੱਖ ਨੂੰ ਅਕਾਲ ਪੁਰਖ ਵਾਹਿਗੁਰੂ ਤੋਂ ਦੂਰ ਕਰਦਾ ਹੈ, ਜੀਵਨ ਨਰਕ ਰੂਪੀ ਖੂਹ ਵੱਲ ਧੱਕਿਆ ਜਾਂਦਾ ਹੈ । ਰਾਗ ਸੋਰਠਿ ਵਿਚ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

''ਰਾਜ ਲੀਲਾ ਰਾਜਨ ਕੀ ਰਚਨਾ
ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ
ਨਰਕ ਘੋਰ ਕਾ ਦੁਆਰਾ ॥'' (ਪੰਨਾ ੬੪੨)

ਸਤਿਗੁਰੂ ਦੇ ਉਪਦੇਸ਼ ਦੀ ਬਰਕਤ ਨਾਲ ਗ੍ਰਿਹਸਤ ਵਿਚ ਰਹਿੰਦਿਆਂ ਵੀ ਰਾਜ ਜੋਗ ਦੀ ਪ੍ਰਾਪਤੀ ਹੋ ਸਕਦੀ ਹੈ । ਸੱਚੇ ਵਾਹਿਗੁਰੂ ਦੀ ਸੰਗਤ ਸੰਸਾਰ-ਸਮੁੰਦਰ ਤੋਂ ਪਾਰ ਲੰਘਾਉਣ ਦੀ ਸਮਰੱਥਾ ਰੱਖਦੀ ਹੈ । ਉਸ ਵਾਹਿਗੁਰੂ ਦੇ ਨਾਮ ਦਾ ਉਪਦੇਸ਼ ਇਸ ਸੱਚੇ ਮਾਰਗ ਤੇ ਤੁਰਨ ਵਾਲਿਆਂ ਨੂੰ ਹਰ ਕੰਮ

ਵਿਚ ਸਫਲਤਾ ਬਖਸ਼ਿਸ਼ ਕਰਦਾ ਹੈ । ਜਿਹੜਾ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ, ਉਹ ਜਨਮ-ਮਰਨ ਵਰਗੇ ਭਿਆਨਕ ਦੁੱਖਾਂ ਤੋਂ ਵੀ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ । ਸੱਚੇ ਸਤਿਗੁਰੂ ਦੇ ਨਾਮ ਦੀ ਬਰਕਤ ਨਾਲ ਸੁੱਤੀ ਕਿਸਮਤ ਜਾਗ ਪੈਂਦੀ ਹੈ, ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ । ਰਾਗ ਗਉੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪਾਵਨ ਹੁਕਮ ਹੈ :

''ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥
ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥
ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥
ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥
ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ॥
ਤਿਸ ਕੀ ਕਟੀਐ ਜਮ ਕੀ ਫਾਸਾ ॥
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥
ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥''
(ਪੰਨਾ ੨੩੯)

ਅਸਲ ਵਿਚ ਅਕਾਲ ਪੁਰਖ ਵਾਹਿਗੁਰੂ ਹੀ ਰਾਜਿਆਂ ਵਿਚੋਂ ਸ਼੍ਰੋਮਣੀ ਰਾਜਾ ਹੈ । ਧਰਤੀ ਦੇ ਮਾਲਕਾਂ ਵਿਚੋਂ ਸਭ ਤੋਂ ਵੱਡਾ ਭੂਮੀਪਤੀ ਹੈ । ਉਸ ਦੀ ਇਸ ਧਰਤੀ ਤੇ ਸਰਦਾਰੀ ਹੈ । ਉੱਚੀ ਕੁਲ ਵਾਲਿਆਂ ਵਿਚੋਂ ਉਹ ਪ੍ਰਭੂ ਉੱਚੀ ਕੁਲ ਵਾਲਾ ਵੀ ਹੈ । ਜੇ ਦੁਨੀਆਂ ਵਿਚ ਸੁਖੀ ਲੋਕਾਂ ਨੂੰ ਵੇਖਿਆ ਜਾਵੇ ਤਾਂ ਉਸ ਤੋਂ ਵੱਧ ਹੋਰ ਕੋਈ ਸੁੱਖੀ ਨਹੀਂ । ਉਸ ਦਾ ਤੇਜ ਤੇ ਤਪ ਵੀ ਬਾਕੀ ਸਾਰਿਆਂ ਨਾਲੋਂ ਵੱਧ ਹੈ । ਸੂਰਮਿਆਂ ਵਿਚੋਂ ਵੀ ਉਹ ਦੁਨੀਆਂ ਦਾ ਸਭ ਤੋਂ ਵੱਡਾ ਸੂਰਮਾਂ ਹੈ । ਉਹ ਸਰਬ ਵਿਆਪਕ ਹੋਣ ਕਰਕੇ ਗ੍ਰਿਹਸਤੀਆਂ ਵਿਚੋਂ ਵੱਡਾ ਗ੍ਰਿਹਸਤੀ ਵੀ ਹੈ । ਜੋਗੀਆਂ ਵਿਚੋਂ ਵੱਡਾ ਜੋਗੀ ਵੀ ਹੈ ਕਿਉਂਕਿ ਉਹ ਸਮੁੱਚੇ ਸੰਸਾਰ ਦਾ ਮਾਲਕ ਹੈ । ਨਿਰਲੇਪ ਰਹਿ ਕੇ ਸੰਸਾਰ ਦੇ ਕਾਰ ਵਿਹਾਰ ਚਲਾ ਰਿਹਾ ਹੈ । ਰਾਗ ਗੁਜਰੀ ਵਿਚ ਇਸ ਪ੍ਰਥਾਇ ਗੁਰਬਾਣੀ ਦਾ ਪਾਵਨ ਫੁਰਮਾਨ ਹੈ :

''ਰਾਜਨ ਮਹਿ ਤੂੰ ਰਾਜਾ ਕਹੀਅਹਿ
ਭੂਮਨ ਮਹਿ ਭੂਮਾ ॥
ਠਾਕੁਰ ਮਹਿ ਠਕੁਰਾਈ ਤੇਰੀ
ਕੋਮਨ ਸਿਰਿ ਕੋਮਾ ॥
ਪਿਤਾ ਮੇਰੋ ਬਡੋ ਧਨੀ ਅਗਮਾ ॥
ਉਸਤਤਿ ਕਵਨ ਕਰੀਜੈ
ਕਰਤੇ ਪੇਖਿ ਰਹੇ ਬਿਸਮਾ ॥੧॥ਰਹਾਉ॥
ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ
ਦਾਤਨ ਸਿਰਿ ਦਾਤਾ ॥
ਤੇਜਨ ਮਹਿ ਤੇਜਵੰਸੀ ਕਹੀਅਹਿ
ਰਸੀਅਨ ਮਹਿ ਰਾਤਾ ॥੨॥
ਸੂਰਨ ਮਹਿ ਸੂਰਾ ਤੂੰ ਕਹੀਅਹਿ
ਭੋਗਨ ਮਹਿ ਭੋਗੀ ॥
ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ
ਜੋਗਨ ਮਹਿ ਜੋਗੀ ॥੩॥'' (ਪੰਨਾ ੫੦੭)

ਵਧੇਰੇ ਮਨੁੱਖ ਲਾਲਚ ਵਿਚ ਫਸੇ ਹੋਏ ਹਨ । ਕੇਵਲ ਆਤਮਿਕ ਜੀਵਨ ਦੀ ਸੋਝੀ ਵਾਲਾ ਮਨੁੱਖ ਪ੍ਰਭੂ ਦੇ ਪ੍ਰੇਮ-ਰੰਗ ਵਿਚ ਮਸਤ ਰਹਿੰਦਾ ਹੈ । ਪ੍ਰਭੂ ਦੇ ਪਿਆਰਿਆਂ ਨੂੰ ਉਸ ਦੀ ਵਡਿਆਈ ਦੀ ਸਿਫਤ ਸਲਾਹ ਹੀ ਚੰਗੀ ਲਗਦੀ ਹੈ । ਸੱਚੇ ਪ੍ਰਭੂ ਦੀ ਸੇਵਾ ਨਾਲ ਉਸ ਦਾ ਨੇੜ ਤੇ ਉਸ ਦੀ ਉਸਤਤ ਕਰਨ ਨਾਲ ਉਸ ਦੇ ਪਿਆਰੇ ਉਸ ਦੀ ਪ੍ਰਸੰਸਾ ਪ੍ਰਾਪਤ ਕਰ ਲੈਂਦੇ ਹਨ । ਰਾਗ ਸੋਰਠਿ ਵਿਚ ਸਾਹਿਬਾਂ ਦਾ ਫੁਰਮਾਨ ਹੈ :

''ਰਾਜਨ ਮਹਿ ਰਾਜਾ ਉਰਝਾਇਓ
ਮਾਨਨ ਮਹਿ ਅਭਿਮਾਨੀ ॥
ਲੋਭਨ ਮਹਿ ਲੋਭੀ ਲੋਭਾਇਓ
ਤਿਉ ਹਰਿ ਰੰਗਿ ਰਚੇ ਗਿਆਨੀ ॥੧॥
ਹਰਿ ਜਨ ਕਉ ਇਹੀ ਸੁਹਾਵੈ ॥

ਪੇਖਿ ਨਿਕਟਿ ਕਰਿ ਸੇਵਾ ਸਤਿਗੁਰ
ਹਰਿ ਕੀਰਤਨਿ ਹੀ ਤ੍ਰਿਪਤਾਵੈ ।।ਰਹਾਉ।।''
(ਪੰਨਾ ੬੧੩)

ਅਕਾਲ ਪੁਰਖ ਵਾਹਿਗੁਰੂ ਦਾ ਹੁਕਮ ਅਟੱਲ ਹੈ । ਪਾਤਸ਼ਾਹਾਂ ਦੇ ਪਾਤਸ਼ਾਹ ਦਾ ਹੁਕਮ ਮੋੜਿਆ ਨਹੀਂ ਜਾ ਸਕਦਾ । ਵੱਡੇ-ਛੋਟੇ ਮਹਾਰਾਜੇ ਕਿਸੇ ਨੇ ਹਮੇਸ਼ਾ ਨਹੀਂ ਰਹਿਣਾ। ਇਹ ਸ਼ਹਿਰ/ਬਾਜ਼ਾਰ ਪ੍ਰਭੂ ਦੇ ਹੁਕਮ ਅਨੁਸਾਰ ਇਕ ਨਾ ਇਕ ਦਿਨ ਢਹਿ-ਢੇਰੀ ਹੋ ਜਾਣਗੇ। ਜਿਹੜੇ ਪੱਕੇ ਸੁਹਣੇ ਘਰਾਂ ਨੂੰ ਅਗਿਆਨੀ ਮਨੁੱਖ ਆਪਣੇ ਸਮਝਦਾ ਹੈ, ਉਹ ਇਹ ਨਹੀਂ ਜਾਣਦਾ ਕਿ ਧਨ ਨਾਲ ਭਰੇ ਹੋਏ ਖਜ਼ਾਨੇ ਅੱਖ ਦੇ ਫੇਰ ਵਿਚ ਖਾਲੀ ਹੋ ਜਾਂਦੇ ਹਨ । ਵਧੀਆ ਘੋੜੇ ,ਹਾਥੀ, ਊਠ, ਬਾਗ-ਬਗੀਚੇ, ਘਰ-ਘਾਟ, ਨਿਵਾਰੀ ਪਲੰਘ, ਮਖਮਲੀ ਬਸਤਰ, ਜਿਨ੍ਹਾਂ ਨੂੰ ਮੂਰਖ ਆਪਣੇ ਸਮਝਦਾ ਹੈ, ਲੱਭਿਆਂ ਵੀ ਨਹੀਂ ਲੱਭਦੇ । ਸਦਾ ਰਹਿਣ ਵਾਲਾ ਕੇਵਲ ਉਹੀ ਵੱਡਾ ਰਾਜਾ ਹੈ ਜੋ ਇਨ੍ਹਾਂ ਦੁਨਿਆਵੀ ਪਦਾਰਥਾਂ ਵਿਚ ਮਨੁੱਖ ਨੂੰ ਫਸਾਈ ਰਖਦਾ ਹੈ, ਉਸ ਦੀ ਪਹਿਚਾਣ ਕੇਵਲ ਉਸ ਦੀ ਕੁਦਰਤ ਵਿਚੋਂ ਹੁੰਦੀ ਹੈ । ਵਾਰ ਮਾਝ ਵਿਚ ਸਤਿਗੁਰੂ ਦਾ ਫੁਰਮਾਨ ਹੈ:

''ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।।
ਹਟ ਪਟਣ ਬਾਜਾਰ ਹੁਕਮੀ ਢਹਸੀਓ ।।
ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ।।
ਦਰਬਿ ਭਰੇ ਭੰਡਾਰ ਰੀਤੇ ਇਕ ਖਣੇ ।।
ਤਾਜੀ ਰਥ ਤੁਖਾਰ ਹਾਥੀ ਪਾਖਰੇ ।।
ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।।
ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ।।
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।।''
(ਪੰਨਾ ੧੪੧)

ਹਕੂਮਤ, ਜ਼ਮੀਨ ਦੀ ਮਾਲਕੀ, ਜੁਆਨੀ, ਘਰ, ਇੱਜਤ, ਸੁਹੱਪਣ, ਬਹੁਤਾ ਧਨ, ਹਾਥੀ ਘੋੜੇ, ਜੇ ਇਹ ਸਭ ਕੁਝ ਕਿਸੇ ਮਨੁੱਖ ਦੇ ਕੋਲ ਹੋਣ; ਜੇ ਲੱਖਾਂ ਰੁਪਏ ਖਰਚ ਕੇ ਕੀਮਤੀ ਲਾਲ ਵੀ ਲੈ ਆਵੇ ਤੇ ਇਨ੍ਹਾਂ ਦਾ ਮਾਣ ਕਰਦਾ ਫਿਰੇ ਪਰ ਉਸ ਸਮਰੱਥ ਤੇ ਵੱਡੇ ਪ੍ਰਭੂ ਦੀ ਦਰਗਾਹ ਵਿਚ ਇਨ੍ਹਾਂ ਵਿਚੋਂ ਕੋਈ ਭੀ ਚੀਜ਼ ਕੰਮ ਨਹੀਂ ਆਉਂਦੀ । ਇਸ ਤੋਂ ਉਲਟ ਇਨ੍ਹਾਂ ਪਦਾਰਥਾਂ ਦਾ ਮਾਣ ਕਰਨ ਵਾਲਾ ਇਸ ਸਭ ਨੂੰ ਛੱਡ ਕੇ ਇਥੋਂ ਤੁਰ ਪੈਂਦਾ ਹੈ। ਇਥੇ ਕੇਵਲ ਉਸ ਪਾਤਸ਼ਾਹ ਦਾ ਹੁਕਮ ਹੀ ਚੱਲਦਾ ਹੈ । ਰਾਗ ਆਸਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਸ ਪ੍ਰਥਾਇ ਹੁਕਮ ਵੀ ਹੈ :

''ਰਾਜ ਮਿਲਕ ਜੋਬਨ
ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ।।
ਬਹੁਤੁ ਦਰਬੁ ਹਸਤੀ ਅਰੁ ਘੋੜੇ
ਲਾਲ ਲਾਖ ਬੈ ਆਨੀ ।।
ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ ।।'' (ਪੰਨਾ ੩੭੯)

ਗੁਰਬਾਣੀ ਵਿਚ ਪਰਮਾਤਮਾਂ ਨੂੰ ਸਭ ਤੋਂ ਉਚੀ ਤੇ ਵੱਡੀ ਹਸਤੀ ਮੰਨਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਨਹਾਰੇ ਸਾਰੇ ਗੁਰੂ ਸਾਹਿਬਾਨ, ਭਗਤ-ਭੱਟਾਂ ਤੇ ਗੁਰਸਿੱਖਾਂ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਸਾਰੀ ਸ੍ਰਿਸ਼ਟੀ ਦਾ ਮਾਲਕ ਦੱਸਿਆ ਹੈ । ਉਸ ਨੂੰ ਸਭ ਤੋਂ ਉਚੀ ਕੀਮਤ ਹੋਣ ਦੇ ਨਾਲ ਨਾਲ ਕੀਮਤਾਂ ਦਾ ਸੋਮਾ ਵੀ ਮੰਨਿਆ ਹੈ । ਕਰਨ-ਕਾਰਨ ਸਮਰਥ ਪ੍ਰਭੂ ਇਕ ਹੀ ਹੈ, ਦੂਜਾ ਕੋਈ ਨਹੀਂ । ਇਸ ਤੋਂ ਇਲਾਵਾ ਸਾਨੂੰ ਹੋਰ ਕਿਸੇ ਦਾ ਆਸਰਾ ਵੀ ਨਹੀਂ ਹੈ । ਉਹ ਆਪ ਹੀ ਕਰਤਾ ਹੈ । ਸਭ ਕੁਝ ਉਸਦਾ ਹੀ ਕੀਤਾ ਹੋਇਆ ਹੈ । ਸਾਰੀ ਰਚਨਾ ਉਹ ਆਪ ਹੀ ਕਰਦਾ ਹੈ ਅਤੇ ਆਪ ਹੀ ਉਸਦੀ ਸਾਂਭ-ਸੰਭਾਲ ਕਰਦਾ ਹੈ, ਇਸ ਲਈ ਉਸ

ਨੂੰ ਕਿਸੇ ਸਲਾਹ-ਮਸ਼ਵਰੇ ਜਾਂ ਸਹਾਇਤਾ ਦੀ ਲੋੜ ਨਹੀਂ ਪੈਂਦੀ । ਉਹ ਪਰਮ-ਪਿਤਾ ਵੱਡਾ ਤਾਂ ਹੈ ਹੀ, ਨਾਲ ਹੀ ਉਹ ਨਿਰਭਉ ਵੀ ਹੈ, ਨਿਰਭਉ ਨੂੰ ਧਿਆਉਣ ਵਾਲੇ ਵੀ ਨਿਰਭਉ ਹੋ ਜਾਂਦੇ ਹਨ ।

ਨਿਰਭਉ ਦਾ ਸਿਮਰਨ ਕਰਨ ਨਾਲ ਸਾਡੇ ਸਾਰੇ ਡਰ ਵੀ ਮਿਟ ਜਾਂਦੇ ਹਨ । ਗੁਪਤ ਤੇ ਪ੍ਰਗਟ ਰੂਪ ਵਿਚ ਉਹ ਪਰਮਾਤਮਾ ਹੀ ਹੈ । ਸਾਰੇ ਸੰਸਾਰ ਵਿਚ ਕੇਵਲ ਤੇ ਕੇਵਲ ਉਸ ਦੀ ਜੋਤ ਹੀ ਵੱਸ ਰਹੀ ਹੈ । ਅਸੀਂ ਸਾਰੇ ਉਸ ਦਾ ਦਿੱਤਾ ਹੀ ਖਾਂਦੇ ਅਤੇ ਪਾਂਦੇ ਹਾਂ । ਸਭ ਨੂੰ ਦੇਣ ਵਾਲਾ ਦਾਤਾਰ ਪਰਮਾਤਮਾ ਹੀ ਹੈ । ਉਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ । ਉਹ ਪ੍ਰਭੂ ਅਗਣਤ, ਅਪਾਰ ਤੇ ਅਲਖ ਵੀ ਹੈ । ਜਗਤ ਵਿਚ ਕੋਈ ਪਰਮਾਤਮਾ ਦੇ ਬਰਾਬਰ ਦਾ ਰਾਜਾ ਨਹੀਂ । ਇਹ ਦੁਨੀਆਂ ਦੇ ਤਾਂ ਕੇਵਲ ਚਾਰ ਦਿਨਾਂ ਦੇ ਰਾਜੇ ਹੁੰਦੇ ਹਨ । ਉਹ ਲੋਕ ਆਪਣੇ ਰਾਜ ਪ੍ਰਤਾਪ ਦੇ ਵਿਖਾਵੇ ਕਰਦੇ ਹਨ। ਰਾਗ ਬਿਲਾਵਲੁ ਵਿਚ ਭਗਤ ਕਬੀਰ ਜੀ ਦਾ ਫੁਰਮਾਨ :

''ਕੋਊ ਹਰਿ ਸਮਾਨਿ ਨਹੀ ਰਾਜਾ ।।
ਏ ਭੂਪਤਿ ਸਭ ਦਿਵਸ ਚਾਰਿ ਕੇ
ਝੂਠੇ ਕਰਤ ਦਿਵਾਜਾ ।।ਰਹਾਉ।।''(ਪੰ: ੮੫੬)

ਉਹ ਅਕਾਲ ਪੁਰਖ ਵਾਹਿਗੁਰੂ ਆਪਣੇ ਆਪ ਵਿਚ ਸਭ ਤੋਂ ਸੁੰਦਰ ਹੈ, ਉਸ ਤੋਂ ਬਿਨਾਂ ਕੋਈ ਵੀ ਦੁਨਿਆਵੀ ਮਨੁੱਖ ਉਸ ਦੇ ਬਰਾਬਰ ਦਾ ਹਾਕਮ ਨਹੀਂ ਹੈ । ਰਾਮਕਲੀ ਰਾਗ ਵਿਚ ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

''ਝਾੜੈ ਰੂੜਾ ਹਰ ਜੀਉ ਸੋਈ ।।
ਤਿਸੁ ਬਿਨੁ ਰਾਜਾ ਅਵਰੁ ਨ ਕੋਈ ।।''
(ਪੰਨਾ ੯੩੬)

ਸਮੁੱਚੇ ਸੰਸਾਰ ਵਿਚ ਉਹੀ ਵੱਡਾ ਹੈ, ਜਿਸ ਦਾ ਹੁਕਮ ਚਲਦਾ ਹੈ । ਉਨ੍ਹਾਂ ਨੂੰ ਰਾਜੇ ਨਹੀਂ ਆਖਿਆ ਜਾ ਸਕਦਾ ਜੋ ਆਪੋ ਵਿਚ ਲੜ ਕੇ ਮਰਦੇ ਹਨ , ਦੂਸਰੇ ਦੇ ਰਾਜ ਵਿਚੋਂ ਖੋਹ-ਖਿੱਚ ਕੇ ਰਾਜ ਮੰਗਦੇ ਹਨ । ਅਜਿਹੇ ਭੂਮੀ ਤੇ ਦੌਲਤ ਦੇ ਭੁੱਖੇ, ਜੂਨਾਂ ਵਿਚ ਆਉਂਦੇ ਜਾਂਦੇ ਹਨ । ਅਜਿਹੇ ਨਾਮ ਤੋਂ ਸੱਖਣੇ ਮਨੁੱਖ ਕਦੇ ਸ਼ੋਭਾ ਨਹੀਂ ਪਾਉਂਦੇ । ਰਾਗ ਵਡਹੰਸੁ ਵਿਚ ਤੀਸਰੇ ਪਾਤਿਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਥਾਇ ਹੁਕਮ ਵੀ ਹੈ :

''ਰਾਜੇ ਓਇ ਨ ਆਖੀਅਹਿ
ਭਿੜਿ ਮਰਹਿ ਫਿਰਿ ਜੂਨੀ ਪਾਹਿ ।।
ਨਾਨਕ ਵਿਣੁ ਨਾਵੈ ਨਕੀ
ਵਢੀ ਫਿਰਹਿ ਸੋਭਾ ਮੂਲਿ ਨ ਪਾਹਿ ।।''
(ਪੰਨਾ ੫੯੦)

ਅਜਿਹੇ ਵਿਰਲੇ ਮਨੁੱਖ ਹੀ ਹਨ ਜਿਹੜੇ ਆਪਣੇ ਅੰਦਰੋਂ ਦੁਬਿਧਾ ਤੇ ਮੇਰ-ਤੇਰ ਮੁਕਾ ਲੈਂਦੇ ਹਨ । ਅਜਿਹੇ ਮਨੁੱਖ ਪ੍ਰਭੂ ਨੂੰ ਪਿਆਰੇ ਲੱਗਦੇ ਹਨ । ਉਹ ਉਸ ਸਮਰੱਥ ਪ੍ਰਭੂ ਦੀ ਯਾਦ ਵਿਚ ਜੀਵਨ ਬਤੀਤ ਕਰਦੇ ਹਨ । ਅਜਿਹੇ ਪ੍ਰਭੂ-ਪਿਆਰੇ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਰਾਜੇ ਵੀ ਹਨ ਤੇ ਜੋਗੀ ਵੀ । ਰਾਗ ਗਉੜੀ ਵਿਚ ਸ਼ਾਂਤੀ ਦੇ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

''ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ।।
ਇਸਹਿ ਮਾਰਿ ਰਾਜ ਜੋਗੁ ਕਮਾਵੈ ।।''
(ਪੰਨਾ ੨੩੭)

ਇਸ ਸਾਰੀ ਵਿਚਾਰ ਦਾ ਤੱਤ-ਸਾਰ ਇਹੋ ਹੀ ਹੈ ਕਿ ਉਹ ਸਮਰੱਥ ਪ੍ਰਭੂ ਘਟ-ਘਟ ਵਿਚ ਵੱਸਦਾ ਹੈ, ਉਹ ਸਾਡਾ ਸਭ ਦਾ ਮਾਲਕ ਹੈ । ਉਸ ਤੋਂ ਵੱਡਾ ਹੋਰ ਕੋਈ ਨਹੀਂ। ਉਸ ਦੀ ਹਕੂਮਤ ਹਮੇਸ਼ਾ ਚੱਲਦੀ ਹੈ। ਉਹ ਸਮਰੱਥ ਸਤਿਗੁਰੂ ਆਪਣੇ ਆਪ ਵਿਚ

(ਬਾਕੀ ਸਫਾ ਨੰ. ੨੦ ਤੇ ਪੜ੍ਹੋ ਜੀ)

# ਸ਼ਾਨ-ਏ-ਦਸਤਾਰ

-ਭਾਈ ਸਤਪਾਲ ਸਿੰਘ ਫਰਵਾਹੀ

ਕਿਉਂ ਸਿੱਖਾ ਭੁੱਲਿਆ ਫਿਰਦਾ ਏਂ, ਤੂੰ ਸ਼ਾਨ-ਏ-ਦਸਤਾਰ ਨੂੰ ?
ਤੂੰ ਆਪਣੇ ਆਪ ਹੀ ਸੋਚ ਜ਼ਰਾ, ਤੈਨੂੰ ਕੀ ਆਖਾਂ 'ਸਰਦਾਰ' ਨੂੰ ?
ਦਸਤਾਰ ਤਾਂ ਸਿਰ ਦਾ ਤਾਜ ਹੈ, ਕਿਉਂ ਸਜਾਉਣੋਂ ਝੁਰਦਾ ਏ ?
ਦਸਤਾਰ ਨਾਲ ਹੀ ਸ਼ਾਨ ਹੈ, ਕਿਉਂ ਪੁੱਠੇ ਪਾਸੇ ਮੁੜਦਾ ਏਂ ?
ਭੁੱਲ ਕੇ ਇਸ ਨੂੰ ਟੋਪੀ ਪਹਿਨੇਂ, ਕਿਉਂ ਰੋਲੇਂ ਕਿਰਦਾਰ ਨੂੰ ?
ਤੂੰ ਆਪਣੇ ਆਪ ਹੀ ਸੋਚ ਜ਼ਰਾ..............
ਇਹ ਰਾਜਿਆਂ ਦਾ ਪਹਿਰਾਵਾ ਏ, ਬੰਨ੍ਹ ਤੂੰ ਵੀ ਲੱਗਦਾ ਘੱਟ ਨਹੀਂ,
ਰੋਹਬ ਏਸ ਦਾ ਵੱਖਰਾ ਪੈਂਦਾ, ਕੋਈ ਵੈਰੀ ਸਕਦਾ ਤੱਕ ਨਹੀਂ,
ਝੁਕਦੀ ਨਾ ਦਸਤਾਰ ਕਦੇ ਵੀ, ਤੌਫੀਕ ਇਹ ਦਸਤਾਰ ਨੂੰ,
ਤੂੰ ਆਪਣੇ ਆਪ ਹੀ ਸੋਚ ਜ਼ਰਾ..........
ਦਸਤਾਰ ਬਖਸ਼ੇ ਰੂਪ ਇਲਾਹੀ, ਖਾਲਸੇ ਦੇ ਸਿਰ ਦਾ ਤਾਜ ਹੈ,
ਇਹਨੂੰ ਗੁਰੂਆਂ ਨੇ ਵਡਿਆਇਆ ਹੈ, ਇਹ ਅਣਖ, ਇੱਜ਼ਤ ਤੇ ਲਾਜ ਹੈ,
ਦਸਤਾਰਾਂ ਵਾਲਿਆਂ ਅੱਗੇ ਲਾਇਆਂ, ਜ਼ੁਲਮਾਂ ਦੀ ਸਰਕਾਰ ਨੂੰ,
ਤੂੰ ਆਪਣੇ ਆਪ ਹੀ ਸੋਚ ਜ਼ਰਾ..........
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ, ਜ਼ਰੂਰੀ ਇਹ ਦਸਤਾਰ ਕਹੀ,
ਦਾੜ੍ਹੀ, ਮੁੱਛ ਸਹਿਤ ਦਸਤਾਰ ਸਜੀ, ਸਿੱਖ ਹੋਣ ਦੀ ਇਹ ਨੁਹਾਰ ਕਹੀ,
ਜੱਗ ਨਾ ਥਕੇ ਸਲਾਮਾਂ ਕਰਦਾ, ਇਸ ਦੇ ਸੁਹਣੇ ਸ਼ਿੰਗਾਰ ਨੂੰ,
ਤੂੰ ਆਪਣੇ ਆਪ ਹੀ ਸੋਚ ਜ਼ਰਾ..........
ਕਦੇ ਸਿੱਖ ਦਸਤਾਰ ਆਪਣੀ ਨੂੰ, ਪੈਰਾਂ ਵਿਚ ਨਹੀਂ ਸਨ ਆਉਣ ਦਿੰਦੇ,
ਸੀਸ ਬੇਸ਼ੱਕ ਧੜ ਤੋਂ ਲਹਿ ਜਾਵੇ, ਦਸਤਾਰ ਨੂੰ ਹੱਥ ਨਾ ਪਾਉਣ ਦਿੰਦੇ,
ਦਸਤਾਰ, ਕੇਸਾਂ ਲਈ ਖੋਪਰ ਲੱਥੇ, ਕਿਉਂ ਭੁੱਲੇ ਸ਼ਹੀਦ ਪਰਵਾਰ ਨੂੰ ?
ਤੂੰ ਆਪਣੇ ਆਪ ਹੀ ਸੋਚ ਜ਼ਰਾ..........
ਅਜੇ ਵੀ ਕੁਝ ਨਹੀਂ ਵਿਗੜਿਆ, ਵਿਰਸੇ ਨੂੰ ਸਿੱਖਾ ਸੰਭਾਲ,
ਚੱਲ ਗੁਰਾਂ ਦੇ ਮਾਰਗ ਉਤੇ, ਸਿੱਖਾ ਬਣ ਗੁਰਾਂ ਦਾ ਲਾਲ,
'ਸਤਪਾਲ ਸਿੰਘਾ' ਸਾਂਭ ਲੈ, ਗੁਰੂ ਦੇ ਬਕਸ਼ੇ ਪਿਆਰ ਨੂੰ,
ਤੂੰ ਆਪਣੇ ਆਪ ਹੀ ਸੋਚ ਜ਼ਰਾ, ਤੈਨੂੰ ਕੀ ਆਖਾਂ 'ਸਰਦਾਰ' ਨੂੰ ?

ਵਿਦਿਆਰਥੀ , ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ।

# ਮੁਕਤਸਰ ਦੇ ਸ਼ਹੀਦ

-ਸ੍ਰ. ਰਘਬੀਰ ਸਿੰਘ ਅਨੰਦਪੁਰੀ

ਚਮਕੌਰ ਦੀ ਗੜ੍ਹੀ ਵਿਚ ਜੋ ਰਕਤ-ਰਿੰਦ ਯੁੱਧ ੮ ਪੋਹ ਸੰਮਤ ੧੭੬੨ ਨੂੰ ਹੋਇਆ ਉਸ ਵਿਚ ੩੭ ਸਿੰਘ, ਜੋ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨਾਲ ਆਏ ਸਨ, ਸ਼ਹੀਦ ਹੋ ਗਏ । ਹੁਣ ਤਕ ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਵੀ ਸ਼ਹੀਦ ਹੋ ਚੁੱਕੇ ਸਨ । ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਭਾਈ ਸੰਗਤ ਸਿੰਘ ਜੀ ਦੀ ਲਾਸ਼ ਨੂੰ ਦੇਖ ਕੇ ਨਵਾਬ ਸਰਹਿੰਦ ਸਮਝ ਬੈਠਾ ਸੀ ਕਿ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਮਾਰ ਮੁਕਾਇਆ ਹੈ । ਇੰਨਾਂ ਪਾਪ ਕਰਕੇ ਨਵਾਬ ਵਜ਼ੀਰ ਖਾਂ ਦੀ ਅੰਤਰ ਆਤਮਾ ਹਿਲ ਚੁੱਕੀ ਸੀ । ਜਦੋਂ ਉਸ ਨੂੰ ਇਕ ਤਰਖਾਣ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸ਼ਾਦਿ ਛਕਣ ਦੀ ਰਿਪੋਰਟ ਪੁੱਜੀ ਤਾਂ ਉਸ ਦਾ ਦਿਲ ਦਹਿਲ ਗਿਆ । ਉਸ ਨੂੰ ਡਰ ਪੈ ਗਿਆ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਕੜੇ ਨਾ ਗਏ ਤਾਂ ਇੱਕ ਦਿਨ ਉਸਦਾ ਆਪਣਾ ਨਾਮੁ-ਨਿਸ਼ਾਨ ਵੀ ਮਿਟ ਜਾਵੇਗਾ । ਇਸ ਲਈ ਉਸੀ ਸਮੇਂ ਤੋਂ ਵੀ ਨਵਾਬ ਨੇ ਗੁਰੂ ਜੀ ਦੀ ਭਾਲ ਲਈ ਫੌਜ ਲਾ ਦਿੱਤੀ ਸੀ ।

ਉਧਰ ਗੁਰੂ ਜੀ ਵੀ ਇਸ ਨਵਾਬ ਨੂੰ ਸਿੱਖਾਂ ਤੋਂ ਕੀਤੇ ਜ਼ਬਰ ਜ਼ੁਲਮ ਦੀ ਸਜ਼ਾ ਦੇਣੀ ਚਾਹੁੰਦੇ ਸਨ । ਇਸ ਲਈ ਉਨ੍ਹਾਂ ਵੀ ਸਿੱਖਾਂ ਨੂੰ ਤਿਆਰ ਕਰਨ ਦੇ ਮਨਸੂਬੇ ਨਾਲ ਮਾਲਵਾ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਦੀਨੇ ਪਿੰਡ ਵਿਚ ਗੁਰੂ ਜੀ ਦੇ ਭਰਮਨ ਦੀ ਰਿਪੋਰਟ ਤੇ ਨਵਾਬ ਨੂੰ ਆਪਣਾ ਅੱਗਾ ਨਜ਼ਰ ਆਉਣ ਲੱਗ ਪਿਆ ਸੀ । ਉਸ ਨੇ ਕਾਂਗੜ ਦੇ ਰਾਏ ਜੋਧ ਦੇ ਪੋਤਰਿਆਂ ਭਾਈ ਲਖਮੀਰ ਅਤੇ ਭਾਈ ਸ਼ਮੀਰ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਬੰਨ ਕੇ ਮੇਰੇ ਪਾਸ ਭੇਜ ਦਿਓ । ਪ੍ਰੰਤੂ ਇਨ੍ਹਾਂ ਸ਼ਰਧਾਲੂਆਂ ਨੇ ਹੁਕਮ ਮੰਨਣ ਤੋਂ ਇਨਕਾਰ ਕਰਦੇ ਹੋਏ ਉਤਰ ਲਿਖਿਆ ਕਿ :

''ਜਿਵੇਂ ਆਪ ਆਪਣੇ ਪੀਰ-ਮੁਰਸ਼ਿਦ ਦੀ ਬੜੇ ਸਨਮਾਨ ਨਾਲ ਸੇਵਾ ਕਰਦੇ ਹੋ, ਵੈਸੇ ਹੀ ਅਸੀਂ ਭੀ ਆਪਣੇ ਸਤਿਗੁਰੂ ਦੀ ਸੇਵਾ ਕਰ ਰਹੇ ਹਾਂ । ਆਪ ਸਾਨੂੰ ਸਭ ਨੂੰ ਪਿਆਰ ਕਰਦੇ ਹਨ । ਇਸ ਲਈ ਤੁਹਾਡਾ ਹੁਕਮ ਮੰਨਣ ਤੋਂ ਅਸਮਰਥ ਹਾਂ - ਖਿਮਾ ਕਰਨਾ।''

ਇਸ ਤੇ ਨਵਾਬ ਸਰਹਿੰਦ ਬਹੁਤ ਛਟ-ਪਟਾਇਆ । ਉਸ ਨੇ ਇਸ ਬਗਾਵਤ ਨੂੰ ਕੁਚਲਣ ਦੀ ਠਾਨ ਲਈ ਤੇ ਗੁਰੂ ਜੀ ਦੀ ਗ੍ਰਿਫਤਾਰੀ ਲਈ ਫੌਜ ਭੇਜ ਦਿੱਤੀ । ਦਸਮੇਸ਼ ਪਿਤਾ ਜੀ ਨੇ ਵੀ ਤਿਆਰਿਆਂ ਆਰੰਭ ਦਿਤੀਆਂ ਤਾਂ ਜੋ ਯੁੱਧ ਦੀ ਸਥਿਤੀ ਵਿਚ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾ ਸਕੇ ।

ਗੁਰੂ ਜੀ ਬਰਾੜਾਂ ਦੇ ਇਲਾਕੇ'ਚ ਦੌਰਾ ਕਰਨ ਉਪ੍ਰੰਤ 'ਢਿਲਵਾਂ ਸੋਢੀਆਂ' ਗਏ ਉਥੇ ਉਨ੍ਹਾਂ ਨੂੰ ਪੁਰਾਣੇ ਸੇਵਕ ਅਤੇ ਸਬੰਧੀ ਮਿਲੇ । ਸਭ ਨੇ ਧਰਮ-ਯੁੱਧ ਵਿਚ ਸਹਾਇਤਾ

੬੧, ਪ੍ਰੇਮ ਨਗਰ, ਅਬਲੋਵਾਲ ਰੋਡ,
ਪਟਿਆਲਾ (ਪੰਜਾਬ)

ਦੀ ਹਾਮੀ ਭਰੀ । ਇਸ ਤਰ੍ਹਾਂ ਕੁਝ ਦਿਨਾਂ ਵਿਚ ਹੀ ਗੁਰੂ ਜੀ ਪਾਸ ਸਿੱਖਾਂ ਦੀ ਚੰਗੀ ਫੌਜ ਤਿਆਰ ਹੋ ਗਈ । ਗੁਰੂ ਜੀ ਚਾਹੁੰਦੇ ਸਨ ਕਿ ਕੋਟ ਕਪੂਰੇ ਵਿਖੇ ਭਾਈ ਕਪੂਰੇ ਦੀ ਗੜ੍ਹੀ ਵਿਚ ਸਰਹਿੰਦ ਦੀ ਫੌਜ ਨੂੰ ਭਾਂਜ ਦਿੱਤੀ ਜਾਵੇ, ਪ੍ਰੰਤੂ ਭਾਈ ਕਪੂਰੇ ਦਾ ਗੜ੍ਹੀ ਦੇਣ ਦਾ ਹੌਸਲਾ ਨਾ ਪਿਆ । ਇਸ ਤੇ ਗੁਰੂ ਜੀ ਨਵੀਂ ਥਾਂ ਦੀ ਭਾਲ ਵਿਚ ਅੱਗੇ ਚੱਲ ਪਏ। ਰਸਤੇ ਵਿਚ ਇਨ੍ਹਾਂ ਨੂੰ ਮਾਝੇ ਦੀ ਪੰਚਾਇਤ ਦਾ ਜਥਾ ਵੀ ਮਿਲ ਗਿਆ ਜਿਸ ਦੀ ਗਿਣਤੀ ੩੦੦ ਕੁ ਸੀ । ਭਾਈ ਭਾਗ ਸਿੰਘ ਝੁਬਾਲੀਆ, ਮਾਈ ਭਾਗੋ, ਭਾਈ ਮਹਾਂ ਸਿੰਘ ਆਦਿ ਇਸੇ ਜੱਥੇ ਵਿਚ ਸਨ ।

ਜਦੋਂ ਗੁਰੂ ਜੀ ਆਪਣੀ ਸੈਨਾ ਸਮੇਤ ਮੱਲਣ ਪਿੰਡ ਵਿਚੋਂ ਦੀ ਲੰਘੇ ਤਾਂ ਅਗੋਂ ਚੋਧਰੀ ਯੋਗ ਰਾਜ ਮਿਲ ਗਿਆ । ਇੱਕ ਸਿੱਖ ਨੇ ਉਸ ਨੂੰ ਸਮਝਾਇਆ ਕਿ ਗੁਰੂ ਜੀ ਦਾ ਪਤਾ ਕਿਸੇ ਤੁਰਕ ਨਹੀਂ ਦਸਣਾ ਉਸ ਨੇ ਸਤਿ ਬਚਨ ਕਹਿ ਦਿੱਤਾ, ਪ੍ਰੰਤੂ ਜਦੋਂ ਗੁਰੂ ਜੀ ਨੂੰ ਭਾਲਦੀ ਤੁਰਕ ਸੈਨਾ ਦੀ ਟੁਕੜੀ ਲੰਘੀ ਤਾਂ ਉਸ ਉਨ੍ਹਾਂ ਨੂੰ ਸਭੋ ਕੁਝ ਦਸ ਦਿੱਤਾ । ਸੈਨਕਾਂ ਨੇ ਸਰਹਿੰਦ ਤੋਂ ਹੋਰ ਕੁਮਕ ਮੰਗਵਾਉਣ ਲਈ ਸੰਦੇਸ਼ ਭੇਜ ਦਿੱਤਾ ਤੇ ਆਪ ਗੁਰੂ ਜੀ ਦਾ ਪਿੱਛਾ ਕਰਨ ਲਗ ਪਏ ।

ਕੋਟਕਪੂਰੇ ਤੋਂ ਬਾਅਦ ਗੁਰੂ ਜੀ ਨੇ 'ਗੁਰੂ-ਕੀ ਢਾਬ' ਤੇ ਲੜਾਈ ਲੜਨੀ ਚਾਹੀ ਪ੍ਰੰਤੂ ਉਹ ਥਾਂ ਵੀ ਪਾਣੀ ਦੀ ਕਮੀ ਕਾਰਨ ਪਸੰਦ ਨਾ ਆਈ । ਅਗੇ ਵੱਧ ਕੇ ਆਪ ਜੀ ਨੂੰ ਖਿਦਰਾਣੇ-ਦੀ-ਢਾਬ, ਲੜਾਈ ਪੱਖੋਂ ਪਸੰਦ ਆ ਗਈ ਤੇ ਜਾ ਇੱਕ ਟਿੱਬੀ ਤੇ ਡੇਰੇ ਲਾਏ । ਇਹ ਥਾਂ ਇਸ ਕਰਕੇ ਪਸੰਦ ਆ ਗਈ ਕਿ ਢਾਬ ਵਿਚ ਪਾਣੀ ਕਾਫੀ ਮਾਤਰਾ ਵਿਚ ਸੀ ।

ਤਿਆਰੀ :

ਜਿਥੇ ਜਿਥੇ ਵੀ ਗੁਰੂ ਜੀ ਗਏ, ਉਨ੍ਹਾਂ ਲੋਕਾਂ ਨੂੰ ਮੁਗਲ ਸਰਕਾਰ ਦੀ ਕਾਰ-ਗੁਜਾਰੀ ਅਤੇ ਦਰਿੰਦਗੀ ਬਾਰੇ ਦੱਸਿਆ । ਉਨ੍ਹਾਂ ਵਲੋਂ ਕੀਤੇ ਅਤਿਆਚਾਰਾਂ ਕਾਰਨ ਸਭ ਦਾ ਝੁਕਾਵ ਗੁਰੂ ਜੀ ਵਲ ਹੋ ਗਿਆ । ਸਭ ਨੇ ਤਨ, ਮਨ ਨਾਲ ਸਹਾਇਤਾ ਕਰਨ ਦਾ ਭਰੋਸਾ ਦਿੱਤਾ । ਇਸ ਤਰ੍ਹਾਂ ਧਰਮ ਯੁੱਧ ਦਾ ਡੰਕਾ ਵੱਜਣ ਦੀ ਖਬਰ ਜੰਗਲ ਦੀ ਅੱਗ ਵਾਂਗ ਸਾਰੇ ਮਾਲਵੇ ਵਿਚ ਫੈਲ ਗਈ । ਸਿਦਕੀ ਸਿੱਖ ਵਹੀਰਾਂ ਘੱਤ ਕੇ ਗੁਰੂ ਜੀ ਪਾਸ ਆਉਣ ਲਗ ਪਏ । ਬਰਾੜਾਂ ਤੇ ਵੱਡੇ ਚੌਧਰੀ ਦਾਨਾ ਜੀ ਨੇ ਗੁਰੂ ਜੀ ਨੂੰ ਹਰ ਪ੍ਰਕਾਰ ਦੀ ਸੈਨਿਕ ਜ਼ਰੂਰਤ ਪੂਰੀ ਕਰਨ ਦਾ ਭਰੋਸਾ ਦਿੱਤਾ । ਤਲਵੰਡੀ ਸਾਬੋ ਦੇ ਚੌਧਰੀ ਭਾਈ ਡੱਲਾ ਜੀ ਵੀ ਸਹਾਇਤਾ ਦੇਣ ਵਿਚ ਪਿੱਛੇ ਨਾ ਰਿਹਾ । ਇਹ ਬਰਾੜ ਸਰਦਾਰ ਮੁਗਲ ਹਕੂਮਤ ਤੋਂ ਬਾਗੀ ਸਨ । ਇਨ੍ਹਾਂ ਦੇ ਦੇਸ ਤੇ ਮੁਗਲਾਂ ਦੀ ਹਕੂਮਤ ਸਿਰਫ ਨਾ ਮਾਤਰ ਹੀ ਸੀ । ਇਸ ਲਈ ਇਹ ਗੁਰੂ ਜੀ ਦੀ ਲੜਾਈ ਨੂੰ ਆਪਣੀ ਆਜ਼ਾਦੀ ਦੀ ਲੜਾਈ ਸਮਝਦੇ ਸਨ ।

ਬਹੁਤੇ ਸਿੱਖ ਤਾਂ ਸ਼ਸਤਰ ਅਤੇ ਲੋਹ ਲੰਗਰ ਲਈ ਅਨਾਜ ਵੀ ਨਾਲ ਲੈ ਕੇ ਆਏ । ਰਾਮਿਆਣਾ ਨੇੜੇ ਕੁਝ ਪੁਰਾਣੇ ਸਿਖਲਾਈ ਪ੍ਰਾਪਤ ਸਿੱਖ ਰਹਿੰਦੇ ਸਨ । ਇਹ ਸਿੱਖ ਸੈਨਿਕ ਸਰਸਾ ਨਦੀ ਪਾਰ ਕਰਦਿਆਂ ਰਸਤਾ ਭੱਟਕ ਗਏ ਸਨ ਜਾਂ ਵਿੱਛੜ ਕੇ ਆਪਣੇ ਘਰਾਂ ਨੂੰ ਆ ਗਏ ਸਨ । ਉਹ ਵੀ ਵਹੀਰ ਘੱਤੀ ਗੁਰੂ ਜੀ ਦੀ ਸਹਾਇਤਾ ਤੇ ਆ ਗਏ । ਇਸ ਕੰਮ ਵਿਚ ਇੱਕ ਸਿਦਕੀ ਮਾਈ ਭਾਗੋ ਨੇ ਬੜੀ ਸਹਾਇਤਾ ਕੀਤੀ । ਉਸਨੇ ਵਿੱਛੜਿਆ ਸੈਨਿਕਾਂ ਦਾ ਗੁਰੂ ਜੀ ਨਾਲ ਮੇਲ ਕਰਾ ਦਿੱਤਾ ।

ਆਖਰੀ ਲੜਾਈ :

ਜਦੋਂ ਗੁਰੂ ਜੀ ਖਿਦਰਾਣੇ ਦੀ ਢਾਬ ਤੇ ਆ ਗਏ, ਉਸ ਸਮੇਂ ਇਸ ਢਾਬ ਦੇ ਆਲੇ-ਦੁਆਲੇ ਜੰਡਾਂ, ਵਣਾ, ਕਰੀਰਾਂ ਅਤੇ ਮਲ੍ਹੇ-ਝਾੜੀਆਂ ਦੀ ਭਰਮਾਰ ਸੀ । ਗੁਰੂ ਜੀ ਦੀ ਫੌਜ, ਜਿਸ ਦੀ ਗਿਣਤੀ ਢਾਈ ਤਿੰਨ ਹਜ਼ਾਰ ਦੇ ਕਰੀਬ ਸੀ, ਢਾਬ ਦੇ ਉਪਰਲੇ ਪੱਛਮੀ ਪਾਸੇ, ਝਾੜੀਆਂ ਤੇ ਰੁੱਖਾਂ ਦੀ ਓਟ ਵਿਚ ਡਟੀ ਹੋਈ ਸੀ । ਹੇਠਲੇ ਪੂਰਬੀ ਪਾਸੇ ਦੇ ਰੁੱਖਾਂ ਵਿਚ ਮਾਝੇ ਦੇ ਸਿੰਘਾਂ ਨੇ ਮੋਰਚੇ ਮਲ ਲਏ ਸਨ । ਉਨ੍ਹਾਂ ਨੂੰ ਇੱਕ ਚਾਲ ਸੁੱਝੀ । ਉਨ੍ਹਾਂ ਆਪਣੇ ਚਾਦਰੇ ਅਤੇ ਕਛਿਹਰੇ-ਪਰਨੇ ਆਦਿ ਨੀਵੀਆਂ ਝਾੜੀਆਂ ਅਤੇ ਰੁੱਖਾਂ ਤੇ ਫੈਲਾ ਦਿੱਤੇ ਜਿਵੇਂ ਉਹ ਤੰਬੂ ਨਜ਼ਰ ਆਉਣ। ਗੁਰੂ ਜੀ ਵੀ ਢਾਬ ਤੇ ਪੱਛਮ ਵਲ ਇੱਕ ਉਚੀ ਟਿੱਬੀ ਤੇ ਬਿਰਾਜਮਾਨ ਹੋ ਗਏ ।

ਮੁਗਲਾਂ ਦੀ ਫੌਜ ਕਈ ਦਿਨਾਂ ਤੋਂ ਗੁਰੂ ਜੀ ਦੀ ਭਾਲ ਵਿਚ ਸੀ । ਉਹ ਵੀ ਵਜ਼ੀਰ ਖਾਂ ਸੂਬਾ ਸਰਹਿੰਦ ਦੀ ਕਮਾਨ ਵਿਚ ੩ ਮਈ ਸੰਨ ੧੭੦੬ ਨੂੰ ਦਿਨ ਚੜ੍ਹਦਿਆਂ ਹੀ ਪੁੱਜ ਗਈ । ਚੌਧਰੀ ਕਪੂਰਾ ਦੋ ਵਫਾਦਾਰੀਆਂ ਵਿਚ ਫੱਸਿਆ ਉਸ ਦੀ ਰਹਿਬਰੀ ਕਰ ਰਿਹਾ ਸੀ । ਫੌਜ ਬਹੁਤ ਨੇੜੇ ਆ ਚੁੱਕੀ ਸੀ । ਬਸ ਖੰਡਾ ਖੜਕਣਾ ਹੀ ਬਾਕੀ ਸੀ । ਫੌਜ ਥੋੜੀ ਅੱਗੇ ਵੱਧੀ ਤਾਂ ਢਾਬ ਕਿਨਾਰੇ ਸਿੰਘਾਂ ਦੇ ਤੰਬੂ ਦੇਖ ਕੇ ਠਠੰਬਰ ਗਈ । ਉਨ੍ਹਾਂ ਨੂੰ ਫਿਕਰ ਪੈ ਗਿਆ ਕਿ ਪਤਾ ਨਹੀਂ ਕਿੰਨੇ ਕੁ ਹਜ਼ਾਰ ਸਿੰਘ ਛਾਉਣੀ ਪਾਈ ਬੈਠੇ ਹਨ । ਇਹ ਦੇਖ ਵਜ਼ੀਰ ਖਾਂ ਨੇ ਫੌਜ ਨੂੰ ਲਲਕਾਰਿਆ ਕਿ ''ਐ ਮੇਰੇ ਬਹਾਦਰੋ ਅਤੇ ਅੱਲਾ ਤਾਲਾ ਦੇ ਮੋਮਨੋ ਜਿਸ ਗੁਰੂ ਨੂੰ ਤੁਸੀਂ ਟਿੱਬੀਆਂ ਵਿਚ ਲੱਭ ਰਹੇ ਹੋ - ਉਸ ਨੂੰ ਦੇਖ ਕੇ ਤੁਹਾਡੇ ਪੈਰ ਠਠੰਬਰ ਦੀ ਥਾਂ ਜੋਸ਼ ਨਾਲ ਉਠਣੇ ਚਾਹੀਦੇ ਹਨ । ਆਓ, ਹੰਭਲਾ ਮਾਰ ਕੇ ਇਸ ਨੂੰ ਕਾਬੂ ਕਰੀਏ । ਸਰਕਾਰੀ ਇਨਾਮ ਤੁਹਾਡਾ ਇੰਤਜ਼ਾਰ ਕਰ ਰਹੇ ਹਨ।'' ਵਜ਼ੀਰ ਖਾਂ ਦੇ ਤਿੰਨ ਵਾਰ ਲਲਕਾਰ ਤੇ ਮਸਾਂ ਫੌਜ ਹਰਕਤ ਵਿਚ ਆਈ । ਜਿਉਂ ਹੀ ਫੌਜ ਨੇ ਕਦਮ ਅੱਗੇ ਪੁੱਟਿਆ - ਝਾੜੀਆਂ ਤੇ ਰੁਖਾਂ ਚੋਂ ਗੋਲੀਆਂ ਦਾ ਮੀਂਹ ਵਰਨ ਲਗਾ । ਮੁਗਲ ਸੈਨਾ ਨੇ ਵੀ ਬੰਦੂਕਾਂ ਤੇ ਤੀਰਾਂ ਦੀ ਬੁਛਾਰ ਸ਼ੁਰੂ ਕੀਤੀ । ਗੁਰੂ ਜੀ ਟਿੱਬੀ ਤੇ ਬੈਠ ਕੇ ਤੀਰ ਚਲਾਉਣ ਲੱਗ ਪਏ । ਇੱਕ ਤੀਰ ਕਈ.ਦੁਸ਼ਟਾਂ ਨੂੰ ਚੀਰਦਾ ਲੰਘ ਜਾਂਦਾ-ਦੁਸ਼ਮਣ ਕੱਟੇ ਦਰਖਤਾਂ ਵਾਂਗ ਡਿਗਣ ਲਗ ਪਿਆ ।

''ਤੁਫੰਗੈਂ ਚਲੀ ਤੇ ਭਯੋ ਨਾਦ ਭਾਰਾ ।
ਸੁਨਯੋ ਸ੍ਰੋਨ ਮਹਿਂ ਸ੍ਰੀ ਗੁਰੂ ਕੋਪ ਭਾਰਾ ।।
ਖਰੇ ਹੋਇ ਟਿੱਬੀ ਹੁਤੀ ਏਕ ਤਾਹੀ ।
ਤਜੇ ਤੀਰ ਤੀਖੇ ਲਗੈਂ ਸੈਨ ਮਾਹੀ ।।
ਚਲੇ ਬੇਗ ਤੇ ਢੀਹ ਉਠੈਂ ਸ਼ੁਕਾਟੇ ।
ਦੜਾ ਦਾੜ ਗੇਰੈਂ ਮਨੋ ਬ੍ਰਿਛਕਾਟੇ ।।''

(ਭਾਈ ਸੰਤੋਖ ਸਿੰਘ, ਸੂਰਜ ਪ੍ਰਕਾਸ਼)

ਗੁਰੂ ਜੀ ਨੂੰ ਖਬਰ ਪੁੱਜੀ ਕਿ ਮਝੈਲਾਂ ਨੇ ਦੁਸ਼ਮਣ ਨੂੰ ਠਲ ਪਾ ਦਿੱਤਾ ਹੈ ਤਾਂ ਆਪ ਬਹੁਤ ਪ੍ਰਸੰਨ ਹੋਏ । ਇੰਨੇ ਨੂੰ ਹੋਰ ਸਿੰਘ ਵੀ ਮਝੈਲਾਂ ਦੀ ਕੁਮਕ ਲਈ ਪੁੱਜੇ ਤੇ ਲੱਗੇ ਮੁਗਲ ਸੈਨਾ ਦੇ ਆਹੂ ਲਾਉਣ । ਲੜਦੇ-ਲੜਦੇ ਦੁਪਹਿਰ ਹੋ ਗਈ ਪਰ ਮਝੈਲਾਂ ਨੇ ਦੁਸ਼ਮਣ ਨੂੰ ਉਥੇ ਹੀ ਰੋਕੀ ਰਖਿਆ । ੪੦ ਸਿੰਘਾਂ ਦੇ ਸ਼ਹੀਦ ਹੋਣ ਤੇ ਢਾਈ ਕੁ ਸੌ ਮੁਗਲ ਸੈਨਕਾਂ ਦੇ ਮਾਰੇ ਜਾਣ ਕਾਰਨ ਧਰਤੀ ਲਹੂ ਲੁਹਾਨ ਹੋ ਗਈ ਤਾਂ ਵਜ਼ੀਰ ਖਾਂ ਦਾ ਰੰਗ ਉਡ ਗਿਆ । ਉਸ ਦੀ ਫੌਜ ਪਾਸ ਪੀਣ ਲਈ ਪਾਣੀ ਨਹੀਂ ਸੀ - ਉਹ ਪਿਆਸੀ ਡਿੱਗਣ ਲੱਗ ਪਈ ਸੀ । ਇਹ ਜੰਗ ਸਵਾ ਪਹਿਰ (ਤਿੰਨ ਚਾਰ ਘੰਟੇ) ਹੀ ਚਲੀ । ਢਾਬ

ਦੇ ਪਾਣੀ ਤੇ ਸਿੰਘਾਂ ਦਾ ਕਬਜ਼ਾ ਹੋਣ ਕਾਰਨ ਉਸ ਦੀ ਫੌਜ ਪਿਆਸੀ ਮਰਨ ਲਗ ਪਈ । 'ਗੁਰ ਬਿਲਾਸ' (ਸੁਖਾ ਸਿੰਘ) ਵਿਚ ਇਸ ਜੰਗ ਦੇ ਆਖਰੀ ਪੱਖ ਦਾ ਵਰਨਣ ਇਸ ਤਰ੍ਹਾਂ ਕੀਤਾ ਮਿਲਦਾ ਹੈ :

ਤੁਰਕ ਨੇ ਕਹਿਆ : 'ਪਾਨੀ ਵੇ ਕਪੂਰਾ, ਕਹਾਂ ਪਾਨੀ ?'

ਕਪੂਰੇ ਕਹਿਆ : 'ਖਾਂ ਜੀ ਪਾਨੀ ਤਾਂ ਦਸਾਂ ਕੋਹਾਂ ਥੇ ਉਰੇ ਹੈਇ ਨਾਹੀ । ਅਗਾਂਹ ਤੀਹਾਂ ਕੋਹਾਂ ਤੇ ਓਰੇ ਹੈ ਨਾਹੀਂ।'

ਤੁਰਕ ਕਹਿਆ : 'ਆਜੁ ਤਿਹਾਏ ਮੁਏ ।'

ਕਪੂਰੇ ਕਹਿਆ : 'ਘੋੜੇ ਚਾਲੇ ਪਾਓ । ਪਿਛਾਵਾਂ ਮੋੜੋ ।'

ਤੁਰਕ ਕਹਿਆ : 'ਫੌਜ ਮਰੀ ਪਈ ਹੈ, ਏਸ ਦੀਆਂ ਕਬਰਾਂ ਕਰਣੀਆਂ ਸਨਿ ।'

ਕਪੂਰੇ ਕਹਿਆ : 'ਇਨ ਕੇ ਸ਼ਸਤਰ ਲਾਹੋ, ਜਮੀਨ ਪਰ ਹੀ ਪਰੇ ਹਨ, ਕਬਰਾਂ ਵਿਚਿ ਹਨ। ਹਛਾ ਹੋਗੁ ਸਭੇ ਹੀ ਤਿਹਾਏ ਮਰ ਜਾਹੁਗੇ । ਫਤੇ ਲੈ ਲਈ ਹੈ ।'

ਤੁਰਕ ਕਹਿਆ : 'ਕਪੂਰਾ ਸੱਚੀ ਬਾਤ ਕਹਿੰਦਾ ਹੈ । ਸਿਆਣਾ ਹੈ । ਚਲੋ ਮੁੜੋ ।'

ਤੁਰਕ ਪਿਛਾਹ ਮੁੜਿਆ ।........ਬੜਾ ਕੋਪ ਕਰ ਕੇ ਆਇਆ ਸੀ ।

ਪੰਜਾਹ ਹਜ਼ਾਰ ਸਿਪਾਹੀ ਘੋੜੇ ਪੈਦਲ ਸਾਥ ਲੈ ਕੇ । ਢਾਈ ਸੌ ਦਾ ਸੰਘਾਰ ਕਰਵਾਇ ਕੇ ਭੰਨਾ (ਭੱਜਾ) ਕੋਟਿ ਪਾਣੀ ਪੀਤਾ ਮੁੜ ਕੇ । ਤਿਸ ਦਿਨ ਤੇ ਫੇਰਿ ਗੁਰੂ ਜੀ ਕਾ ਗੈਲ ਨ ਕੀਤਾ ਕਦੇ । (ਸਾਖੀ ਪੜਵੀਂ)

ਇਸ ਤਰ੍ਹਾਂ ਕਪੂਰਾ ਤਿਹਾਈ ਮਰਦੀ ਫੌਜ ਨੂੰ ਜਿੱਤ ਦਾ ਭੁੱਲਾਵਾ ਦੇ ਕੇ ਖਿਦਰਾਣੇ ਦੀ ਢਾਬ ਤੋਂ ਪਿੱਛੇ ਮੋੜ ਕੇ ਲੈ ਗਿਆ ਅਤੇ ਮੈਦਾਨ ਗੁਰੂ ਜੀ ਦੇ ਹੱਥ ਰਿਹਾ।

ਇਸ ਜੰਗ ਨਾਲ ਨਵਾਬ ਵਜ਼ੀਰ ਖਾਂ ਦੀ ਗੁਰੂ ਜੀ ਨੂੰ ਫੜਨ ਦੀ ਰੀਝ ਸਦਾ ਸਦਾ ਲਈ ਖਤਮ ਹੋ ਗਈ ।

ਦੁਸ਼ਮਣ ਦੇ ਭੱਜ ਜਾਣ ਤੋਂ ਬਾਦ ਗੁਰੂ ਜੀ ਢਾਬ ਕਿਨਾਰੇ ਸ਼ਹੀਦਾਂ ਨੂੰ ਦੇਖਣ ਗਏ ਤਾਂ ਪਤਾ ਚੱਲਿਆ ਕਿ ਇਨ੍ਹਾਂ ਵਿਚ ਤਾਂ ਉਹ ਸਿੰਘ ਵੀ ਸਨ ਜੋ ਬੇਦਾਵਾ ਲਿਖ ਕੇ ਦੇ ਗਏ ਸਨ । ਗੁਰੂ ਜੀ ਨੇ ਇਕੱਲੇ ਇਕੱਲੇ ਸ਼ਹੀਦ ਸਿੰਘ ਦੇ ਸਿਰ ਨੂੰ ਆਪਣੀ ਗੋਦੀ ਵਿਚ ਲੈ ਕੇ ਪਿਆਰ ਕੀਤਾ ਤੇ ਵਰਦਾਨ ਦਿੱਤੇ । ਜਦੋਂ ਭਾਈ ਮਹਾਂ ਸਿੰਘ ਕੋਲ ਪੁੱਜੇ ਤਾਂ ਉਸ ਵਿਚ ਅਜੇ ਜਾਨ ਸੀ ਪਰ ਅੰਤਮ ਸੁਆਸਾਂ ਤੇ ਸੀ । ਗੁਰੂ ਜੀ ਨੇ ਉਸ ਦਾ ਮੱਥਾ ਚੁੰਮਿਆਂ ਤੇ ਕਿਹਾ, 'ਭਾਈ ਮਹਾਂ ਸਿੰਘ ਮੈਂ ਤੇਰੀ ਬਹਾਦਰੀ ਤੇ ਤੁੱਠਾ ਹਾਂ, ਅੱਜ ਮੰਗ ਲੈ ਕੀ ਮੰਗਣਾ ਹੈ ।' ਭਾਈ ਮਹਾਂ ਸਿੰਘ ਦੀਆਂ ਅੱਖਾਂ ਵਿਚ ਹੰਝੂ ਆ ਗਏ । ਰੁਕਦੇ ਗਲੇ ਨਾਲ ਅਰਜ਼ ਕੀਤੀ ''ਸੱਚੇ ਪਾਤਸ਼ਾਹ ਜੀ ਤੁਸੀਂ ਬਖਸ਼ਣਹਾਰ ਹੋ – ਸਾਨੂੰ ਵੀ ਬਖਸ਼ ਦਿਓ – ਸਾਡਾ ਲਿਖਿਆ ਬੇਦਾਵਾ ਫਾੜ ਦਿਓ – ਸਾਡੀ ਜੀਵਨ ਯਾਤਰਾ ਸਫਲ ਕਰ ਦਿਓ ।'' ਗੁਰੂ ਜੀ ਨੇ ਉਸੀ ਸਮੇਂ ਆਪਣੇ ਕਮਰਕਸੇ ਵਿਚੋਂ ਬੇਦਾਵੇ ਵਾਲਾ ਕਾਗਜ਼ ਕਢ ਕੇ ਫਾੜ ਦਿੱਤਾ । ਇਸ ਦੇ ਨਾਲ ਹੀ ਭਾਈ ਮਹਾਂ ਸਿੰਘ ਨੇ ਆਪਣੇ ਪ੍ਰਾਣ ਵੀ ਤਿਆਗ ਦਿੱਤੇ । ਉਸ ਦੀ ਸੇਵਾ ਸਫਲ ਹੋ ਗਈ ਸੀ।

ਇਸ ਤੋਂ ਬਾਦ ਗੁਰੂ ਜੀ ਨੇ ਹੋਰ ਸ਼ਹੀਦਾਂ ਨੂੰ ਦੇਖਿਆ – ਉਨ੍ਹਾਂ ਵਿਚ ਮਰਦਾਵੇਂ ਭੇਸ ਵਿਚ ਇੱਕ ਮਾਈ ਜ਼ਖਮੀ ਹਾਲਤ ਵਿਚ ਪਈ ਸੀ । ਪਛਾਨਣ ਤੇ ਪਤਾ ਲਗਾ ਕਿ ਉਹੋ ਮਾਈ ਭਾਗੋ ਸੀ, ਜੋ ਸਿੰਘਾਂ ਨੂੰ ਪ੍ਰੇਰਕੇ ਉਨ੍ਹਾਂ ਪਾਸ ਲਿਆਈ ਸੀ । ਇਸ ਮਾਈ ਦਾ ਗੁਰੂ ਜੀ ਨੇ ਇਲਾਜ ਕਰਵਾਇਆ ਤੇ ਇਹ ਠੀਕ ਹੋ ਗਈ । ਫਿਰ ਇਹ

ਸਿਦਕੀ ਮਾਈ ਸਾਰੀ ਉਮਰ ਗੁਰੂ ਜੀ ਦੀ ਸੇਵਾ ਤੇ ਭਗਤੀ ਵਿਚ ਹੀ ਰਹੀ । ਇਸ ਲੜਾਈ ਵਿਚ ਸਭ ਤੋਂ ਵੱਧ ਕੁਰਬਾਨੀਆਂ ਇਸੀ ਮਾਈ ਦੇ ਪਰਿਵਾਰ ਨੇ ਦਿੱਤੀਆਂ ਸਨ। ਇਨ੍ਹਾਂ ਚਾਲੀ ਸ਼ਹੀਦਾਂ ਵਿਚ ਇਸ ਦੇ ਕੁਟੰਬ ਦੇ ਸਨ -

੧) ਭਾਈ ਨਿਸ਼ਾਨ ਸਿੰਘ (ਪਤੀ)
੨) ਭਾਈ ਸੁਲਤਾਨ ਸਿੰਘ (ਜੇਠ)
੩) ਭਾਈ ਭਾਗ ਸਿੰਘ (ਭਰਾ)
੪) ਭਾਈ ਦਿਲਬਾਗ ਸਿੰਘ (ਭਰਾ)

ਅਗਲੇ ਦਿਨ ਗੁਰੂ ਜੀ ਨੇ ਇਨ੍ਹਾਂ ੪੦ ਸ਼ਹੀਦ ਸਿੰਘਾਂ ਦਾ ਸਮੂਹਿਕ ਸਸਕਾਰ ਆਪਣੇ ਹੱਥਾਂ ਨਾਲ ਕੀਤਾ ਤੇ ਇਨ੍ਹਾਂ ਨੂੰ 'ਮੁਕਤ' ਹੋਣ ਦੀ ਪਦਵੀ ਬਖਸ਼ੀ ।

ਮੁਕਤਸਰ, ਜਿਸ ਨੂੰ ਪਹਿਲਾਂ ਖਿਦਰਾਨੇ ਦੀ ਢਾਬ ਕਹਿੰਦੇ ਸਨ, ਦੀ ਲੜਾਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮੁਗਲਾਂ ਵਿਚਕਾਰ ਆਖਰੀ ਲੜਾਈ ਸੀ । ਮੁਗਲ ਸੈਨਾ ਮੈਦਾਨ ਛੱਡ ਕੇ ਭਜ ਗਈ । ਇਹ ਲੜਾਈ ੨੧ ਵਿਸਾਖ ਸੰਮਤ ੧੭੬੩ ਨੂੰ (੩ ਮਈ, ੧੭੦੬) ਹੋਈ । ਇਸ ਜੰਗ ਵਿਚ ੪੦ ਮੜੈਲ ਸਿੰਘ ਸ਼ਹੀਦ ਹੋਏ, ਇਨ੍ਹਾਂ ਵਿਚੋਂ ਕੁਝ ਸਿੰਘ ਭਾਈ ਭਾਗ ਸਿੰਘ ਝੁਬਾਲੀਏ ਦੀ ਜਥੇਦਾਰੀ ਹੇਠ ਬੇਦਾਵਾ ਲਿਖ ਗਏ ਸਨ । ਮਾਤਾ ਭਾਗੋ ਦੇ ਦੁਬਾਰਾ ਯਤਨ ਸਦਕਾ ਹੀ ਇਹ ਸਿੰਘ ਮੁੜ ਮੁਗਲਾਂ ਦੇ ਖਿਲਾਫ ਆਪਣੇ ਆਪ ਲੜੇ ਤੇ ਗੁਰੂ ਜੀ ਦੀ ਪ੍ਰਸੰਨਤਾ ਪ੍ਰਾਪਤ ਕੀਤੀ । ਗੁਰੂ ਜੀ ਨੇ ਇਨ੍ਹਾਂ ਦੀਆਂ ਭੁੱਲਾਂ ਬਖਸ਼ੀਆਂ, ਬੇਦਾਵਾ ਪਾੜਿਆ ਅਤੇ ਇਕੱਲੇ ਇਕੱਲੇ ਸਿੰਘ ਦਾ ਸਿਰ ਆਪਣੀ ਗੋਦ ਵਿਚ ਰੱਖਕੇ ਵਰਦਾਨ ਦਿੱਤੇ, 'ਮੇਰਾ ਪੰਜ ਹਜ਼ਾਰੀ, ਮੇਰਾ ਦਸ ਹਜ਼ਾਰੀ' ਆਦਿ ।

ਸ਼ਹੀਦਾਂ ਦੀ ਸੂਚੀ :-

ਭਾਈ ਭਾਗ ਸਿੰਘ ਝੁਬਾਲੀਆ, ਭਾਈ ਦਿਲਬਾਗ ਸਿੰਘ, ਭਾਈ ਘਰਬਾਰਾ ਸਿੰਘ (ਕਧਾਰਾ ਸਿੰਘ), ਦਰਬਾਰਾ ਸਿੰਘ, ਗੰਡਾ ਸਿੰਘ (ਗੰਗਾ ਸਿੰਘ), ਰਾਇ ਸਿੰਘ, ਮਹਾਂ ਸਿੰਘ, ਸੀਤਲ ਸਿੰਘ, ਸੁੰਦਰ ਸਿੰਘ ਝਲੀਆ, ਕ੍ਰਿਪਾਲ ਸਿੰਘ, ਦਿਆਲ ਸਿੰਘ, ਨਿਹਾਲ ਸਿੰਘ, ਕੁਸ਼ਾਲ ਸਿੰਘ (ਕੇਸੋ ਸਿੰਘ), ਸੁਹੇਲ ਸਿੰਘ, ਚੰਬਾ ਸਿੰਘ, ਸੁਮੀਰ ਸਿੰਘ, ਸਰਜਾ ਸਿੰਘ, ਹਰਜਾ ਸਿੰਘ, ਬੂੜ ਸਿੰਘ, ਸੁਲਤਾਨ ਸਿੰਘ ਪੱਟੀ, ਨਿਧਾਨ ਸਿੰਘ, ਸੋਭਾ ਸਿੰਘ, ਜੋਗਾ ਸਿੰਘ, ਹਰੀ ਸਿੰਘ, ਕਰਮ ਸਿੰਘ (ਕਰਨ ਸਿੰਘ), ਧਰਮ ਸਿੰਘ, ਕਾਲਾ ਸਿੰਘ (ਕੱਲਾ ਸਿੰਘ), ਸੰਤ ਸਿੰਘ, ਕੀਰਤਿ ਸਿੰਘ (ਕੇਹਰ ਸਿੰਘ), ਗੁਲਾਬ ਸਿੰਘ, ਜਾਦੋ ਸਿੰਘ, ਜੰਗਾ ਸਿੰਘ (ਸੰਗਾ ਸਿੰਘ), ਭੰਗਾ ਸਿੰਘ, ਧੰਨਾ ਸਿੰਘ, ਭਾਈ ਭੋਲਾ (ਭੱਲਾ ਸਿੰਘ), ਮੱਲਾ ਸਿੰਘ, ਮਾਨ ਸਿੰਘ, ਲਛਮਣ ਸਿੰਘ, ਸਾਧੂ ਸਿੰਘ, ਮੈਯਾ ਸਿੰਘ (ਮੱਜਾ ਸਿੰਘ) । (ਮਹਾਨ ਕੋਸ਼ ਭਾ: ਕਾਨ੍ਹ ਸਿੰਘ, ਪੰਨਾ ੯੮੧)

ਖਾਲਸੇ ਦੀ ਸਫਲਤਾ ਦੇ ਕਾਰਨ :

ੳ) ਗੁਰੂ ਜੀ ਦੀ ਇਸ ਮਹਾਨ ਸਫਲਤਾ ਦਾ ਕਾਰਨ ਆਪਣੇ ਗੜ੍ਹ ਵਿਚ ਆਕੇ ਸ਼ਤਰੂ ਦਾ ਮੁਕਾਬਲਾ ਕਰਨਾ ਸੀ । ਅਨੰਦਪੁਰ ਸਾਹਿਬ ਵਿਚ ਕਿਲ੍ਹਿਆਂ ਦੇ ਹੁੰਦੇ ਹੋਏ ਵੀ ਆਪ ਸੁਰੱਖਿਅਤ ਨਹੀਂ ਸਨ ਕਿਉਂਕਿ ਆਸ ਪਾਸ ਦੇ ਨਿਵਾਸੀ, ਪਹਾੜੀ ਰਾਜਿਆਂ ਦੀ ਪ੍ਰਜਾ ਹੋਣ ਕਾਰਨ ਮਨੋਂ ਹੀ ਸਿੱਖਾਂ ਦੇ ਵਿਰੁੱਧ ਸਨ ਤੇ ਪ੍ਰੇਸ਼ਾਨੀ ਦਾ ਕਾਰਨ ਬਣੇ ਰਹਿੰਦੇ ਸਨ । ਇਸ ਦੇ ਉਲਟ ਮਾਲਵੇ ਦੀ ਸੰਗਤ ਦਾ ਦਰਿਸ਼ਟੀਕੋਣ ਹਮਦਰਦੀ ਭਰਿਆ ਸੀ । ਇਨ੍ਹਾਂ ਬਿਨਾਂ ਸੰਕੋਚ, ਮੁਗਲਾਂ ਦੇ ਵਿਰੁੱਧ ਹੋ ਕੇ ਗੁਰੂ ਜੀ ਦੀ ਸਹਾਇਤਾ ਕੀਤੀ।

ਅ) ਗੁਰੂ ਜੀ ਦਾ ਸਫਲਤਾ ਦਾ ਦੂਜਾ ਵੱਡਾ ਕਾਰਨ ਸੀ ਵੱਡੇ ਵੱਡੇ ਜਿਮੀਂਦਾਰਾਂ

ਤੋਂ ਸਹਾਇਤਾ ਪ੍ਰਾਪਤੀ । ਉਸ ਸਮੇਂ ਉਤਰੀ ਭਾਰਤ ਵਿਚ ਭੂਮੀ ਸੰਕਟ ਪੈਦਾ ਹੋ ਗਿਆ ਸੀ । ਜਾਗੀਰਦਾਰ ਕਿਸਾਨਾਂ ਨੂੰ ਲੁੱਟਣ ਵਿਚ ਲੱਗੇ ਸਨ, ਤੇ ਕਿਸਾਨ ਦੁੱਖੀ ਹੋ ਕੇ ਜਿਮੀਂਦਾਰਾਂ ਦੀ ਸ਼ਰਨ ਲੈ ਰਹੇ ਸਨ । ਜਿਮੀਦਾਰਾਂ ਵਿਚ ਵੀ ਬੇਚੈਨੀ ਪੈਦਾ ਹੋ ਰਹੀ ਸੀ । ਹਰ ਇੱਕ ਦੀ ਇਹੋ ਖਾਹਿਸ਼ ਸੀ ਕਿ ਨਿੱਜੀ ਸੈਨਾ ਬਣਾਕੇ ਆਪਣੇ ਆਪ ਨੂੰ ਸੁਰਖਿਅਤ ਕੀਤਾ ਜਾਵੇ । ਜਿਵੇਂ ਜਿਵੇਂ ਇਨ੍ਹਾਂ ਦੀ ਸ਼ਕਤੀ ਵਧਦੀ ਗਈ, ਤਿਵੇਂ ਤਿਵੇਂ ਮੁਗਲ ਸਰਕਾਰ ਦੇ ਵਿਦ੍ਰੋਹੀ ਮਜਬੂਤ ਹੁੰਦੇ ਗਏ । ਨਿਹੰਗ ਖਾਨ, ਰਾਇ ਕੱਲਾ, ਚੌਧਰੀ ਲਖਮੀਰ, ਚੌਧਰੀ ਸ਼ਮੀਰ, ਚੌਧਰੀ ਦਾਨਾ, ਚੌਧਰੀ ਡੱਲਾ, ਚੌਧਰੀ ਰਾਮਾ ਤੇ ਚੌਧਰੀ ਤ੍ਰਿਲੋਕਾ, ਜਿਨ੍ਹਾਂ ਗੁਰੂ ਜੀ ਦੀ ਸਹਾਇਤਾ ਕੀਤੀ ਐਸੇ ਹੀ ਜ਼ਿਮੀਂਦਾਰ ਸਨ ।

ੲ) ਸਫਲਤਾ ਦਾ ਤੀਸਰਾ ਮੁੱਖ ਕਾਰਨ ਗੁਰੂ ਜੀ ਦਾ ਪਹਿਲੋਂ ਤੋਂ ਹੀ ਇਸ ਇਲਾਕੇ ਨਾਲ ਸਨੇਹ ਸੀ । ਆਪ ਜੀ ਆਨੰਦਪੁਰ ਸਾਹਿਬ ਤੋਂ ਸਮਾਂ ਕੱਢ ਕੇ ਇੱਧਰ ਪਹਿਲਾਂ ਹੀ ਪ੍ਰਚਾਰ ਕਰ ਗਏ ਸਨ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਆਪੋ ਆਪਣੇ ਸਮੇਂ ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਕਰਦੇ ਰਹੇ ਸਨ । ਸੋ, ਮਾਹੌਲ ਤਾਂ ਪਹਿਲਾਂ ਹੀ ਤਿਆਰ ਸੀ, ਗੁਰੂ ਜੀ ਦੀ ਹਮਦਰਦੀ ਨੇ ਸੰਗਤਾਂ ਵਿਚ ਸ਼ਰਧਾ ਅਤੇ ਪਿਆਰ ਝੱਟ ਜਗਾ ਦਿੱਤਾ ।

ਸ) ਸਫਲਤਾ ਦਾ ਚੌਥਾ ਕਾਰਨ ਸੀ ਗੁਰੂ ਜੀ ਦੀ ਆਪਣੀ ਚੁੰਬਕ-ਸ਼ਕਤੀ ਵਾਲਾ ਆਚਰਣ, ਅੰਮ੍ਰਿਤ ਦੀ ਦਾਤ, ਗੁਰਬਾਣੀ ਦਾ ਸਿਮਰਨ ਅਤੇ ਸਰਬੰਸਦਾਨ ।

---

(ਸਫਾ ਨੰ. ੧੩ ਦੀ ਬਾਕੀ)

ਵਧੀਆ ਤੇ ਯੋਗ ਪ੍ਰਬੰਧਕ ਵੀ ਹੈ । ਆਕਾਸ਼, ਪਾਤਾਲ, ਖੰਡਾਂ-ਬ੍ਰਹਮੰਡਾਂ ਅਤੇ ਇਸ ਧਰਤੀ ਤੇ ਉਸ ਦਾ ਹੁਕਮ ਚੱਲਦਾ ਹੈ । ਰਾਗ ਆਸਾ ਵਿਚ ਸਤਿਗੁਰੂ ਜੀ ਦਾ ਪਾਵਨ ਬਚਨ ਹੈ :

''ਅਵਰ ਜੋਨਿ ਤੇਰੀ ਪਨਿਹਾਰੀ ।।
ਇਸੁ ਧਰਤੀ ਮਹਿ ਤੇਰੀ ਸਿਕਦਾਰੀ ।।''
(ਪੰਨਾ ੩੭੪)

ਮਨੁੱਖਾ ਜਨਮ ਦੁਰਲੱਭ ਹੈ । ਇਹ ਜਨਮ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਇਆ ਹੈ । ਇਸ ਮਨੁੱਖੀ ਜਾਮੇ ਲਈ ਦੇਵਤੇ ਵੀ ਤਰਸਦੇ ਹਨ । ਇਸ ਜਨਮ ਵਿਚ ਕੇਵਲ ਮਨੁੱਖ ਨੇ ਉਸ ਵੱਡੇ ਤੇ ਸਮਰੱਥ ਪ੍ਰਭੂ ਦੀ ਅਰਾਧਨਾ ਕਰਨੀ ਹੈ । ਪ੍ਰਭੂ ਦੇ ਸਿਮਰਨ ਨਾਲੋਂ ਹੋਰ ਕੋਈ ਵੀ ਸੌਦਾ ਲਾਹੇਵੰਦਾ ਨਹੀਂ। ਜਿਹੜੇ ਪ੍ਰਭੂ ਪਿਆਰੇ ਉਸ ਸੱਚੇ ਪਿਤਾ ਦੀ ਯਾਦ ਵਿਚ ਜੀਵਨ ਬਿਤਾਉਂਦੇ ਹਨ, ਉਹ ਇਹ ਲਾਹਾ ਖੱਟ ਜਾਂਦੇ ਹਨ । ਰਾਗ ਭੈਰਉ-ਵਿਚ ਭਗਤ ਕਬੀਰ ਜੀ ਦਾ ਫੁਰਮਾਨ ਹੈ :

''ਗੁਰ ਸੇਵਾ ਤੇ ਭਗਤਿ ਕਮਾਈ ।।
ਤਬ ਇਹ ਮਾਨਸ ਦੇਹੀ ਪਾਈ ।।
ਇਸ ਦੇਹੀ ਕਉ ਸਿਮਰਹਿ ਦੇਵ ।।
ਸੋ ਦੇਹੀ ਭਜੁ ਹਰਿ ਕੀ ਸੇਵ ।।
ਭਜਹੁ ਗੋੁਬਿੰਦ ਭੂਲਿ ਮਤ ਜਾਹੁ ।।
ਮਾਨਸ ਜਨਮ ਕਾ ਏਹੀ ਲਾਹੁ ।।''
(ਪੰਨਾ ੧੧੫੯)

ਜਿਨ੍ਹਾਂ ਬੰਦ ਬੰਦ ਕਟਵਾਏ –

# ਸ਼ਹੀਦ ਭਾਈ ਮਨੀ ਸਿੰਘ ਜੀ

–ਪ੍ਰਿੰਸੀਪਲ (ਡਾ.) ਇੰਦਰ ਸਿੰਘ ਚਨਾਰਥਲ
–ਡਾ. ਅਮਨਦੀਪ ਕੌਰ ਉਦੇਕਰਨ

'ਸ਼ਹਾਦਤ' ਅਤਿਆਚਾਰ ਖਿਲਾਫ 'ਸਭਿਆਚਾਰ' ਅਤੇ 'ਸਹਿਨਸ਼ੀਲਤਾ' ਦੀ ਜਿੱਤ ਹੈ । ਸ਼ਹੀਦੀ ਮਜਬੂਰੀ ਨਹੀਂ ਸਗੋਂ ਸਿਦਕ ਸਬੂਰੀ ਹੈ । ਇਹ ਨਿਰਭੈ ਸ਼ਕਤੀ ਹੀ ਨਹੀਂ ਬਲਕਿ ਨਿਰਵੈਰ ਬਿਰਤੀ ਵੀ ਹੈ । ਡਾ. ਜਸਬੀਰ ਸਿੰਘ ਦੇ ਸ਼ਬਦਾਂ ਵਿਚ : ਏਸੇ ਲਈ ਆਰੰਭ ਤੋਂ ਹੀ ਸਿੱਖ ਲਹਿਰ ਨੂੰ ਸ਼ਹਾਦਤ ਦੀ ਗੁੜ੍ਹਤੀ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮ–ਸ਼ਕਤੀ ਨੂੰ ਨਿਰਭਉ–ਨਿਰਵੈਰ ਦੇ ਰੂਪ ਵਿਚ ਦਰਸਾਇਆ ਹੈ ਤਾਂ ਕਿ 'ਜੈਸਾ ਸੇਵੈ ਤੈਸੋ ਹੋਇ' ਦੇ ਮਹਾਂਵਾਕ ਅਨੁਸਾਰ ਮਨੁੱਖ ਅਕਾਲ ਪੁਰਖ ਨਾਲ ਲਿਵ ਲਾ ਕੇ ਨਿਰਭਉ–ਨਿਰਵੈਰ ਦੀ ਉਹ ਆਤਮਕ ਅਵਸਥਾ ਪ੍ਰਾਪਤ ਕਰ ਸਕੇ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਿਰਭੈ ਪਦ ਵੀ ਕਿਹਾ ਹੈ ਤੇ ਨਿਰਬਾਨ ਪਦ ਵੀ :

''ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ।।
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ ।।'' (ਪੰਨਾ ੨੧੯)

''ਅਚਲ ਅਮਰ ਨਿਰਭੈ ਪਦੁ ਪਾਇਓ
ਜਗਤ ਜਾਹਿ ਹੈਰਾਨੋ ।।'' (ਪੰਨਾ ੮੩੦)

ਸਿੱਖ ਧਰਮ ਅਰੰਭ ਤੋਂ ਹੀ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੈ । ਇਹ ਗੱਲ ਵੱਖਰੀ ਹੈ ਕਿ ਪਹਿਲੀਆਂ ਪਾਤਸ਼ਾਹੀਆਂ ਨੇ ਭਗਤੀ ਅਤੇ ਨਾਮ–ਸਿਮਰਨ ਉਪਰ ਹੀ ਵਧੇਰੇ ਜ਼ੋਰ ਦਿੱਤਾ ਹੈ । ਲੇਕਿਨ ਅਗਲੀਆਂ ਪਾਤਸ਼ਾਹੀਆਂ ਵਿਸ਼ੇਸ਼ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ, ਭਗਤੀ ਅਤੇ ਸ਼ਕਤੀ ਦਾ ਸਿਧਾਂਤ ਗ੍ਰਹਿਣ ਕਰਕੇ ਗੁਰੂ ਸ਼ਰਧਾਲੂ ਧਾਰਮਿਕ ਸੈਨਿਕਾਂ ਦੇ ਸਾਂਚੇ ਵਿਚ ਢਲ ਗਏ । ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਅਤੇ ਮੀਰੀ–ਪੀਰੀ ਦੀਆਂ ਤਲਵਾਰਾਂ ਦਾ ਸਿਧਾਂਤ ਜਿੱਥੇ ਸਿੱਖਾਂ ਨੂੰ ਸੱਚਾ ਸਿੱਖ (ਸ਼ਿਸ਼) ਤੇ ਧਾਰਮਿਕ ਇਨਸਾਨ ਬਣਾਉਂਦਾ ਹੈ, ਉਥੇ ਲੋੜ ਪੈਣ ਤੇ ਸਵੈ–ਰੱਖਿਆ ਹਿਤ ਵੀਰ ਯੋਧਾ ਵੀ । ਹੁਣ ਸਿੱਖ ਲਈ ਧਰਮ–ਰੱਖਿਆ ਲਈ ਲੜਨਾ–ਮਰਨਾ ਜਾਂ ਸ਼ਹੀਦ ਹੋਣਾ ਖਿੜੇ–ਮੱਥੇ ਸਵੀਕਾਰ ਹੈ ਪਰ ਅਤਿਆਚਾਰ ਬਰਦਾਸ਼ਤ ਕਰਨਾ ਨਹੀਂ। ਧਰਮ ਤੋਂ ਬੇਮੁਖ ਹੋਣ ਜਾਂ ਧਰਮ ਬਦਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ । ਸਿੱਖ ਧਾਰਮਿਕ ਯੋਧਾ ਹੈ । ਇਸ ਧਾਰਮਿਕ ਬੀਰ ਦੀ ਕਿੰਨੇ ਸੁਹਣੇ ਸ਼ਬਦਾਂ ਵਿਚ ਭਗਤ ਕਬੀਰ ਜੀ ਨੇ ਵਿਆਖਿਆ ਕੀਤੀ ਹੈ :

''ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ ।।
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ ।।'' (ਪੰਨਾ ੧੧੦੫)

ਆਮ ਸੰਸਾਰਕ ਲੋਕ ਮਰਨ ਤੋਂ ਬਹੁਤ

ਟਿਵਾਣਾ ਨਿਵਾਸ, ੨੦–ਪ੍ਰੋਫੈਸਰ ਕਲੋਨੀ,
ਪਿੰਡ ਤੇ ਡਾਕ ਸੂਲਰ, ਜ਼ਿਲਾ ਪਟਿਆਲਾ (ਪੰਜਾਬ)

ਜ਼ਿਆਦਾ ਭੈਅ-ਭੀਤ ਹੁੰਦੇ ਹਨ । ਪਰੰਤੂ ਗੁਰੂ ਦੇ ਸਿੱਖ ਦੇ ਮਨ ਵਿਚ ਮੌਤ ਜਾਂ ਸ਼ਹਾਦਤ ਲਈ ਚਾਅ ਹੈ, ਅਨੰਦ ਹੈ । ਉਹ ਮਰ ਕੇ 'ਪੂਰਨ ਪਰਮਾਨੰਦ' ਨੂੰ ਪ੍ਰਾਪਤ ਹੁੰਦਾ ਹੈ ।

''ਕਬੀਰ ਜਿਸੁ ਮਰਨੇ ਤੇ ਜਗੁ ਡਰੈ
ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ ॥'' (ਪੰਨਾ ੧੩੬੫)

ਜੇਕਰ ਕਿਹਾ ਜਾਏ ਕਿ ਸਿੱਖ ਧਰਮ ਅਤੇ ਇਤਿਹਾਸ ਸ਼ਹੀਦਾਂ ਅਤੇ ਸ਼ਹੀਦੀ ਦਾ ਧਰਮ ਤੇ ਇਤਿਹਾਸ ਹੈ ਤਾਂ ਇਸ ਵਿਚ ਰੱਤੀ-ਭਰ ਵੀ ਅਤਿਕਥਨੀ ਨਹੀਂ ਹੋਵੇਗੀ । ਇਸ ਲਈ ਡਾ. ਹਰਿਭਜਨ ਸਿੰਘ ਜੀ ਨੇ 'ਸਿੱਖੀ' ਨੂੰ 'ਨਿਰੰਤਰ ਯੁੱਧ' ਦੀ ਸੰਗਿਆ ਅਤੇ ਉਪਮਾ ਦਿੱਤੀ ਹੈ । ਸਿੱਖਾਂ ਦੀ ਅਰਦਾਸ ਸਿੱਖ-ਸ਼ਹਾਦਤ ਅਤੇ ਸ਼ਹੀਦੀ ਦੀ ਮੂੰਹ-ਬੋਲਦੀ ਤਸਵੀਰ ਹੈ । ਇਕ ਲੰਮੀ ਅਟੁੱਟ ਦਾਸਤਾਨ ਹੈ । ਹਰ ਸ੍ਰੀ ਗੁਰੂ ਨਾਨਕ ਨਾਮ ਲੇਵਾ ਪ੍ਰਾਣੀ ਸੁਬ੍ਹਾ-ਸ਼ਾਮ ਹਰ ਖੁਸ਼ੀ-ਗਮੀ ਮੌਕੇ ਸਰਬੱਤ ਦਾ ਭਲਾ ਮੰਗਣ ਵਾਲੀ ਆਪਣੀ ਅਰਦਾਸ ਵਿਚ ਆਪਣੇ ਸ਼ਹੀਦਾਂ ਨੂੰ ਇਸ ਤਰ੍ਹਾਂ ਸ਼ਰਧਾਂਜਲੀ ਭੇਟ ਕਰਦਾ ਹੈ ।

''ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਕੇ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ ! ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪੜੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ! ਬੋਲੋ ਜੀ ਵਾਹਿਗੁਰੂ !!''

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਰਦਾਸ ਵਿਚ ਦਰਸਾਏ ਬੰਦ-ਬੰਦ ਕਟਵਾਉਣ ਵਾਲੇ ਕਿਹੜੇ ਅਦੁੱਤੀ ਸ਼ਹੀਦ ਸਨ ? ਇਹ ਹਨ ਪਾਵਨ ਧਰਤੀ ਪਿੰਡ ਲੌਂਗੋਵਾਲ ਦੇ ਸ਼ਹੀਦ ਭਾਈ ਮਨੀ ਸਿੰਘ ਜੀ । ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, ''ਉਹ ਕੈਬੋਵਾਲ ਦੇ ਦੁੱਲਟ ਚੌਧਰੀ ਦੇ ਪੁੱਤਰ ਸਨ ।'' ਗਿਆਨੀ ਠਾਕੁਰ ਸਿੰਘ ਜੀ ਅਨੁਸਾਰ, ''ਭਾਈ ਮਨੀ ਸਿੰਘ ਜੀ ਦਾ ਜਨਮ ੨੪ ਮਾਘ ਮੰਗਲਵਾਰ ਨੂੰ ਮਾਤਾ ਦਇਆ ਕੌਰ ਜੀ ਦੀ ਪਾਵਨ ਮੁੱਖੋਂ ਭਾਈ ਕਾਲੂ ਜੀ ਦੇ ਘਰ ਘੱਗਰ ਨਦੀ ਦੇ ਕੰਢੇ ਨਗਰ ਕਾਕੜੂ ਜ਼ਿਲ੍ਹਾ ਅੰਬਾਲਾ ਵਿਚ ਹੋਇਆ। ਪਿੱਛੋਂ ਮਾਤਾ-ਪਿਤਾ ਇਨ੍ਹਾਂ ਨੂੰ ਸੁਨਾਮ ਲੈ ਆਏ ਸਨ ।'' (ਸ੍ਰੀ ਗੁਰਦੁਆਰੇ ਦਰਸ਼ਨ)

ਇਹ ਅਤਿੰਅਤ ਗੌਰਵ ਅਤੇ ਮਾਣ ਵਾਲੀ ਗੱਲ ਹੈ ਕਿ ਭਾਈ ਮਨੀ ਸਿੰਘ ਜੀ ਦਾ ਪਰਿਵਾਰਕ ਪਿਛੋਕੜ ਸ਼ਹੀਦਾਂ ਦਾ ਸੀ । ਉਨ੍ਹਾਂ ਦੇ ਦਾਦਾ ਜੀ ਸ਼ਹੀਦ, ਗਿਆਰ੍ਹਾਂ ਭਰਾ ਸ਼ਹੀਦ ਅਤੇ ਦਸਾਂ ਵਿਚੋਂ ਸੱਤ ਪੁੱਤਰ ਸ਼ਹੀਦ ਹੋਏ ।

ਇਨ੍ਹਾਂ ਦੇ ਪਿਤਾ ਜੀ ਤੇਰਾਂ ਵਰ੍ਹਿਆਂ ਦੀ ਆਯੂ ਵਿਚ ਬਾਲਕ ਮਨੀ ਸਿੰਘ ਜੀ ਨੂੰ ਨਾਲ ਲੈ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨਾਂ ਹਿੱਤ ਸ੍ਰੀ ਕੀਰਤਪੁਰ ਸਾਹਿਬ ਆਏ। 'ਹੋਣਹਾਰ ਬਿਰਵਾ ਕੇ ਹੋਤ ਚੀਕਨੇ ਪਾਤ' ਅਨੁਸਾਰ ਜਦੋਂ ਬਾਲਕ ਮਨੀ ਸਿੰਘ ਨੇ ਸਤਿਗੁਰਾਂ ਦੇ ਚਰਨਾਂ ਤੇ ਸੀਸ ਝੁਕਾਇਆ ਤਾਂ ਉਨ੍ਹਾਂ ਆਪਣੇ ਮੁਖਾਰਬਿੰਦ ਤੋਂ ਫੁਰਮਾਇਆ : ''ਇਹ ਬਾਲਕ ਗੁਣਾਂ ਨਾਲ ਭਰਪੂਰ ਸਾਰੇ ਜਗਤ ਵਿਚ ਪ੍ਰਸਿੱਧੀ ਹਾਸਲ ਕਰੇਗਾ ।''

ਆਪਣੇ ਪਿਤਾ ਜੀ ਨਾਲ ਆਪ ਜੀ ਨੇ ੧੫ ਵਰ੍ਹਿਆਂ ਦੀ ਆਯੂ ਤੱਕ ਤਕਰੀਬਨ ਦੋ ਕੁ ਵਰ੍ਹੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸੇਵਾ ਵਿਚ ਬਿਤਾਏ । ਆਪ ਜੀ ਲੰਗਰ ਦੇ ਝੂਠੇ ਭਾਂਡਿਆਂ ਦੀ ਸੇਵਾ ਕਰਨ ਅਤੇ ਹਰ ਸਮੇਂ ਗੁਰਬਾਣੀ ਦਾ ਜਾਪ ਕਰਨ ਵਿਚ ਲੀਨ ਰਹਿੰਦੇ ਸੀ । ੧੫ ਵਰ੍ਹਿਆਂ ਦੀ ਆਯੂ ਵਿਚ ਆਪ ਜੀ ਦਾ ਆਨੰਦ ਕਾਰਜ ਪਿੰਡ ਖੈਰਪੁਰ ਦੇ ਨਿਵਾਸੀ ਭਾਈ ਲੱਖੀ ਰਾਇ ਦੀ ਸਪੁੱਤਰੀ ਬੀਬੀ ਸੀਤੋ ਜੀ ਨਾਲ ਹੋਇਆ । ਕੁਝ ਸਮਾਂ ਆਪਣੇ ਪਰਵਾਰ ਨਾਲ ਬਤੀਤ ਕਰਕੇ ਭਾਈ ਮਨੀ ਸਿੰਘ ਜੀ ਆਪਣੇ ਵੱਡੇ ਭਰਾਵਾਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਨਾਲ ਦੁਬਾਰਾ ਕੀਰਤਪੁਰ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸੇਵਾ ਵਿਚ ਆ ਗਏ । ਜਦੋਂ ਕੁਝ ਸਮਾਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕਰਦਿਆਂ ਬੀਤ ਗਿਆ ਤਾਂ ਆਪ ਆਗਿਆ ਲੈ ਕੇ ਆਪਣੇ ਪਿੰਡ ਵਾਪਸ ਚਲੇ ਗਏ । ਪਰ ਕੁਝ ਸਮਾਂ ਬਿਤਾਉਣ ਮਗਰੋਂ ਫਿਰ ਵੈਸਾਖੀ ਮੌਕੇ ਅਨੰਦਪੁਰ ਸਾਹਿਬ ਆ ਗਏ । ਇਸ ਪ੍ਰਕਾਰ ਬਾਲ (ਗੁਰੂ) ਗੋਬਿੰਦ ਰਾਇ ਜੀ ਨਾਲ ਸੰਗਤ ਕਰਨ ਦਾ ਆਪ ਜੀ ਨੂੰ ਸ਼ੁਭ ਅਵਸਰ ਪ੍ਰਾਪਤ ਹੋਇਆ । ਆਪ ਜੀ ਨੇ ਉਨ੍ਹਾਂ ਤੋਂ ਨਿੱਕੀ ਉਮਰੇ ਹੀ ਵਿਦਵਤਾ, ਦ੍ਰਿੜ੍ਹਤਾ, ਸਿਦਕਦਿਲੀ, ਅਗਵਾਈ, ਕੁਰਬਾਨੀ, ਨਿਮਰਤਾ, ਸਹਿਨਸ਼ੀਲਤਾ ਆਦਿ ਗੁਣ ਸਹਿਜੇ ਹੀ ਗ੍ਰਹਿਣ ਕਰ ਲਏ । ਆਪ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਤੋਂ ਮਗਰੋਂ ਸ੍ਰੀ ਗੁਰੂ ਦਸਮੇਸ਼ ਜੀ ਤੋਂ ਅੰਮ੍ਰਿਤ ਵੀ ਛਕਿਆ । ਗੁਰਦੇਵ ਪਾਤਸ਼ਾਹ ਦੇ ਹੁਕਮ ਅਨੁਸਾਰ ਆਪ ਜੀ ਗੁਰੂ ਕੀ ਨਗਰੀ ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰੂ ਮਹਿਲਾਂ ਨਾਲ ਦਿੱਲੀ ਜਾ ਕੇ ਨਿਵਾਸ ਕਰਨ ਲੱਗੇ । ਇਸ ਉਪ੍ਰੰਤ ਜਦੋਂ ਗੁਰੂ ਜੀ ਦਮਦਮਾ ਸਾਹਿਬ ਦੀ ਪਾਵਨ ਧਰਤੀ ਉਪਰ ਪਹੁੰਚੇ ਤਾਂ ਭਾਈ ਮਨੀ ਸਿੰਘ ਜੀ ਵੀ ਸ੍ਰੀ ਗੁਰੂ ਦਸਮੇਸ਼ ਜੀ ਦੇ ਮਹਿਲਾਂ ਨਾਲ ਇਥੇ ਪਹੁੰਚ ਗਏ ।

ਭਾਈ ਮਨੀ ਸਿੰਘ ਜੀ ਇਕ ਮਹਾਨ ਯੋਧੇ, ਸੂਰਬੀਰ, ਯੋਗ ਪ੍ਰਬੰਧਕ, ਸਫਲ ਆਗੂ ਅਤੇ ਧਾਰਮਿਕ ਵਿਦਵਾਨ ਸਨ । ਸੰਨ ੧੬੯੦ ਈ. ਵਿਚ ਜਦੋਂ ਨਦੌਣ ਦੀ ਜੰਗ ਵਿਚ ਭੀਮ ਚੰਦ ਨੇ ਗੁਰੂ ਜੀ ਨੂੰ ਮਦਦ ਹਿਤ ਪੁਕਾਰਿਆ ਤਾਂ ਉਸ ਸਹਾਇਤਾ ਲਈ ਭਾਈ ਮਨੀ ਸਿੰਘ ਜੀ ਅਤੇ ਹੋਰ ਗੁਰਸਿੱਖ ਯੋਧਿਆਂ ਨੂੰ ਲੈ ਕੇ ਗੁਰੂ ਜੀ ਪਹੁੰਚ ਗਏ । ਨਦੌਣ ਦੀ ਜੰਗ ਵਿਚ ਫਤਹਿ ਅਤੇ ਭਾਈ ਸਾਹਿਬ ਦੀ ਬਹਾਦਰੀ ਦੇ ਫਲਸਰੂਪ ਖੁਸ਼ ਹੋ ਕੇ ਗੁਰੂ ਜੀ ਨੇ 'ਦੀਵਾਨ' ਦੀ ਉਪਾਧੀ ਬਖਸ਼ਿਸ਼ ਕੀਤੀ । ਇਸ ਸੰਦਰਭ ਵਿਚ ਡਾ. ਹਰੀ ਸਿੰਘ ਭਾਰਤੀ ਲਿਖਦੇ ਹਨ –

''ਆਪਣੀ ਸ਼ਸਤਰੀ ਕੁਸ਼ਲਤਾ ਕਰਕੇ ਭਾਈ ਮਨੀ ਸਿੰਘ ਜੀ ਸਮਕਾਲੀਆਂ ਵਿਚ ਪ੍ਰਮੁੱਖ ਯੋਧੇ ਮੰਨੇ ਜਾਂਦੇ ਸੀ । ਆਪ ਨੂੰ ਗੁਰੂ ਸਾਹਿਬ ਦਾ ਦੀਵਾਨ ਹੋਣ ਦੀ ਹੈਸੀਅਤ ਵਿਚ ਅਨੇਕ ਮਾਲੀ, ਸਿਆਸੀ ਅਤੇ ਪ੍ਰਬੰਧਕੀ ਮਾਮਲਿਆਂ ਵੱਲ ਧਿਆਨ ਦੇਣਾ ਪੈਂਦਾ ਸੀ । ਫਿਰ ਵੀ ਭਾਈ ਸਾਹਿਬ ਇਤਨਾ ਸਮਾਂ ਕੱਢ ਲੈਂਦੇ ਸਨ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੇ ਗਿਆਨੀ ਬਣ ਗ੍ਰਏ ।''

ਦਮਦਮਾ ਸਾਹਿਬ ਵਿਚ ਨਿਵਾਸ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਗ੍ਰੰਥ ਜੀ ਦੀ ਬਾਣੀ ਲਿਖਣ ਦਾ ਅਤਿਅੰਤ ਕਠਿਨ ਕੰਮ ਇਨ੍ਹਾਂ ਨੂੰ ਸੌਂਪਿਆ ਜੋ ਆਪ ਜੀ ਨੇ ਕਠਿਨ ਮਿਹਨਤ ਅਤੇ ਸਿਆਣਪ ਨਾਲ ਸੰਪੰਨ ਕੀਤਾ । ਆਪ ਪਹਿਲੇ ਗ੍ਰੰਥੀ ਹੋਏ ਹਨ,

ਜਿਨ੍ਹਾਂ ਨੇ ਸ੍ਰੀ ਦਸਮੇਸ਼ ਜੀ ਤੋਂ ਗੁਰਬਾਣੀ ਦਾ ਅਰਥ ਬੋਧ ਪ੍ਰਾਪਤ ਕੀਤਾ ਤੇ ਅੱਗੋਂ ਲਈ 'ਸੰਪ੍ਰਦਾ' ਦਾ ਮੁੱਢ ਬੰਨ੍ਹਿਆ । 'ਸਿੱਖੀ ਦੀ ਭਗਤ ਮਾਲਾ' ਵਰਗੇ ਮਹਾਨ ਵਾਰਤਕ ਗ੍ਰੰਥ ਦੀ ਰਚਨਾ ਵੀ ਭਾਈ ਸਾਹਿਬ ਨੇ ਕੀਤੀ । ਭਾਈ ਸਾਹਿਬ ਨੇ ਸਾਹਿਤ ਸੇਵਾ ਪੈਂਤੀ ਵਰ੍ਹਿਆਂ ਦੀ ਆਯੂ ਤੋਂ ਅਰੰਭ ਕੀਤੀ । 'ਪੁਰਾਣੀਆਂ ਲਿਖਤਾਂ' ਅਨੁਸਾਰ ਭਾਈ ਸਾਹਿਬ ਦੀ ਸਾਹਿਤਕ ਸੇਵਾ ਦੀ ਵੰਡ ਨਿਮਨ ਅਨੁਸਾਰ ਕੀਤੀ ਜਾ ਸਕਦੀ ਹੈ :

੧) ਪੋਥੀਆਂ ਦੀ ਲਿਖਾਈ ।
੨) ਦਮਦਮਾ ਸਾਹਿਬ ਵਾਲੀ ਬੀੜ ਦਾ ਸੰਪਾਦਨ।
੩) ਦਸਮ ਗ੍ਰੰਥ ਸਾਹਿਬ ਦਾ ਸੰਪਾਦਨ ।
੪) ਸਾਖੀਆਂ ਦੀ ਰਚਨਾ ।
੫) ਫੁਟਕਲ ਰਚਨਾਵਾਂ ।

ਇਸ ਪ੍ਰਕਾਰ ਉਹ ਸਿੱਖ ਪੰਥ ਦੇ ਉਚ ਕੋਟੀ ਦੇ ਵਿਦਵਾਨ, ਲੇਖਕ ਅਤੇ ਕਥਾ ਵਾਚਕ ਸਨ ।

ਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਗੁਰੂ ਮਹਿਲਾਂ ਨਾਲ ਭਾਈ ਸਾਹਿਬ ਦੁਬਾਰਾ ਦਿੱਲੀ ਚਲੇ ਗਏ । ਇਸ ਸਮੇਂ ਤੱਤ ਖਾਲਸਾ ਅਤੇ ਬੰਦਈ ਖਾਲਸਾ ਦਾ ਗੰਭੀਰ ਸੰਕਟ ਉਤਪੰਨ ਹੋ ਗਿਆ ਸੀ । ਇਸ ਸਮੱਸਿਆ ਅਤੇ ਝਗੜੇ ਦੇ ਨਿਪਟਾਰੇ ਲਈ ਮਾਤਾ ਸੁੰਦਰੀ ਜੀ ਨੇ ਆਪ ਜੀ ਨੂੰ ਸਮਝੌਤਾ ਕਰਵਾਉਣ ਦੀ ਜ਼ੁੰਮੇਵਾਰੀ ਸੌਂਪ ਕੇ ਅਤੇ ਸਾਲਸ ਬਣਾ ਕੇ ਭੇਜਿਆ । ਭਾਈ ਮਨੀ ਸਿੰਘ ਜੀ ਨੇ ਇਕ ਪਰਚੀ ਉਪਰ 'ਬੰਦਈ ਖਾਲਸੇ' ਦਾ ਜੰਗੀ ਨਾਅਰਾ 'ਫਤਹਿ ਦਰਸ਼ਨ' ਅਤੇ ਦੂਜੀ ਉਪਰ 'ਤੱਤ ਖਾਲਸੇ' ਦਾ 'ਵਾਹਿਗੁਰੂ ਜੀ ਕੀ ਫਤਹਿ' ਲਿਖ ਕੇ 'ਹਰਿ ਕੀ ਪਉੜੀ' ਅੰਮ੍ਰਿਤ ਸਰੋਵਰ ਵਿਚ ਸੁੱਟ ਦਿੱਤਾ । ਫੈਸਲਾ ਹੋਇਆ ਕਿ ਜਿਸ ਦੀ ਪਰਚੀ ਪਹਿਲਾਂ ਤਰ ਕੇ ਆਵੇਗੀ, ਉਹ ਹੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਆਗੂ ਮਿਥਿਆ ਜਾਵੇਗਾ । 'ਵਾਹਿਗੁਰੂ ਕੀ ਫਤਹਿ' ਵਾਲੀ ਪਰਚੀ ਪਹਿਲਾਂ ਉਪਰ ਆ ਕੇ ਤਰਨ ਲੱਗੀ । ਜੈਕਾਰਿਆਂ ਦੀ ਗੂੰਜ ਨਾਲ ਫੈਸਲਾ ਹੋ ਗਿਆ ਕਿ 'ਤੱਤ ਖਾਲਸਾ' ਹੀ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਲਵੇਗਾ । ਇਸ ਤਰ੍ਹਾਂ ਆਪ ਜੀ ਨੇ ਇਹ ਝਗੜਾ ਸਹਿਜੇ ਹੀ ਨਿਪਟਾ ਦਿੱਤਾ । ਆਪ ਜੀ ਦੀ ਸਿਆਣਪ ਅਤੇ ਚੰਗੀ ਸ਼ੋਹਰਤ ਦੇ ਫਲਸਰੂਪ ਇਹ ਪੰਥਕ ਝਮੇਲਾ ਖਤਮ ਹੀ ਨਹੀਂ ਹੋਇਆ ਸਗੋਂ ਪੰਥ ਪਹਿਲਾਂ ਨਾਲੋਂ ਵੀ ਚੜ੍ਹਦੀ ਕਲਾ ਵਿਚ ਹੋ ਗਿਆ ।

ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦੀ ਸਭ ਤੋਂ ਮਹਾਨ ਅਤੇ ਅਦੁੱਤੀ ਵਿਸ਼ੇਸ਼ਤਾ ਉਨ੍ਹਾਂ ਦੀ ਲਾਮਿਸਾਲ ਕੁਰਬਾਨੀ ਹੈ । ਜਨਵਰੀ ੧੭੨੧ ਵਿਚ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨਿਯੁਕਤ ਹੋ ਕੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਸ੍ਰੀ ਹਰਿਮੰਦਰ ਸਾਹਿਬ ਵਿਚ ਲਗਾਤਾਰ ਕੀਰਤਨ ਦੀ ਪਰੰਪਰਾ ਅਤੇ ਚੌਕੀਆਂ ਦੀ ਕਾਇਮੀ ਭਾਈ ਸਾਹਿਬ ਨੇ ਆਰੰਭ ਕੀਤੀ ਸੀ, ਜੋ ਅੱਜ ਤੀਕ ਜਾਰੀ ਹਨ ਅਤੇ ਭਾਈ ਸਾਹਿਬ ਦੇ ਯਾਦਗਾਰੀ ਉਦਮ ਹਨ । ਸ੍ਰੀ ਹਰਿਮੰਦਰ ਸਾਹਿਬ ਸ਼ੁਰੂ ਤੋਂ ਹੀ ਸਿੱਖਾਂ ਦਾ ਕੇਂਦਰੀ ਧਾਰਮਿਕ ਸਥਾਨ ਰਿਹਾ ਹੈ । ਜਦੋਂ ਵੀ ਮੁਗਲ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਸਨ ਜਾਂ ਉਨ੍ਹਾਂ ਉਪਰ ਅਤਿਆਚਾਰ ਕਰਦੇ ਸਨ ਤਾਂ ਉਹ ਇਥੇ ਆ ਕੇ ਇਕੱਤਰ ਹੁੰਦੇ ਅਤੇ ਅਤਿਆਚਾਰਾਂ ਖਿਲਾਫ ਸਲਾਹ-ਮਸ਼ਵਰਾ ਕਰਦੇ ਸਨ । ਭਾਈ ਸਾਹਿਬ ਜੀ ਦੀ ਨਿਸ਼ਕਾਮ ਸੇਵਾ-ਭਾਵਨਾ, ਵਿਦਵਤਾ ਅਤੇ ਸੁਚੱਜੀ ਅਗਵਾਈ ਕਾਰਨ ਸਿੱਖ ਕੌਮ ਦੀ ਦਿਨ ਦੂਣੀ

ਅਤੇ ਰਾਤ ਚੌਗੁਣੀ ਚੜ੍ਹਤ ਹੋਣ ਲੱਗੀ । ਸਿੱਖਾਂ ਦੀ ਨਿਰੰਤਰ ਵਧਦੀ ਹੋਈ ਸ਼ਕਤੀ ਨੂੰ ਵੇਖ ਕੇ ਮੁਗਲਾਂ ਨੂੰ ਇਨ੍ਹਾਂ ਨਾਲ ਈਰਖਾ ਹੋਣ ਲੱਗ ਪਈ । ਕਿਉਂਕਿ ਇਨ੍ਹਾਂ ਨੂੰ ਡਰ ਸੀ ਕਿ ਸਿੱਖਾਂ ਦੀ ਧਾਰਮਿਕ ਅਤੇ ਸਿਆਸੀ ਸ਼ਕਤੀ ਉਨ੍ਹਾਂ ਦੇ ਸ਼ਾਸਨ ਦੀਆਂ ਜੜ੍ਹਾਂ ਹੀ ਨਾ ਹਿਲਾ ਕੇ ਰੱਖ ਦੇਵੇ । ਅਜਿਹਾ ਸੋਚ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਖਤਮ ਕਰਨ ਦਾ ਸੰਕਲਪ ਲੈ ਲਿਆ । ਉਸ ਦਾ ਧਿਆਨ ਸਭ ਤੋਂ ਪਹਿਲਾਂ ਭਾਈ ਮਨੀ ਸਿੰਘ ਜੀ ਵੱਲ ਗਿਆ ਕਿਉਂਕਿ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਪ੍ਰਬੰਧਕ ਸਨ ਜੋ ਅਸਥਾਨ ਸਿੱਖਾਂ ਨੂੰ ਜੀਵਨ-ਦਾਨ ਦਿੰਦਾ ਆ ਰਿਹਾ ਸੀ । ਜ਼ਕਰੀਆ ਖਾਨ ਭਾਈ ਮਨੀ ਸਿੰਘ ਜੀ ਨੂੰ ਖਤਮ ਕਰਨ ਲਈ ਮੌਕਾ ਲੱਭ ਰਿਹਾ ਸੀ ।

ਉਨ੍ਹਾਂ ਦਿਨਾਂ ਵਿਚ ਵਿਸਾਖੀ ਅਤੇ ਦੀਵਾਲੀ ਦੇ ਸ਼ੁਭ ਤਿਉਹਾਰਾਂ ਉਪਰ ਸਿੱਖ ਸੰਗਤਾਂ ਸ੍ਰੀ ਅੰਮ੍ਰਿਤਸਰ ਏਨੀ ਜ਼ਿਆਦਾ ਸੰਖਿਆ ਵਿਚ ਆਉਂਦੀਆਂ ਸਨ ਕਿ ਉਹ ਇਕੱਠ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਸੀ । ਇਨ੍ਹਾਂ ਸ਼ੁਭ ਦਿਹਾੜਿਆਂ ਉਪਰ ਹਰੇਕ ਗੁਰੂ ਨਾਨਕ ਨਾਮ ਲੇਵਾ ਪ੍ਰਾਣੀ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ-ਇਸ਼ਨਾਨ ਕਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦਾ ਸੀ । ਸੋ ਜ਼ਕਰੀਆ ਖਾਨ ਨੇ ਇਨ੍ਹਾਂ ਜੋੜ ਮੇਲਿਆਂ ਉਪਰ ਪੂਰਨ ਪਾਬੰਦੀ ਲਗਾ ਦਿੱਤੀ ਸ਼ੀ, ਤਾਂ ਜੋ ਇਨ੍ਹਾਂ ਜੋੜ ਮੇਲਿਆਂ ਕਾਰਨ ਸਿੱਖ ਇਕੱਤਰ ਹੀ ਨਾ ਹੋ ਸਕਣ ।

ਸੰਨ ੧੭੩੮ ਈ. ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਭਾਈ ਮਨੀ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਇਕ ਵਿਸ਼ਾਲ ਜੋੜ ਮੇਲਾ ਲਗਾਉਣ ਦੀ ਯੋਜਨਾ ਬਣਾ ਕੇ ਦੀਵਾਲੀ ਅਤਿਅੰਤ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਉਣ ਦਾ ਫੈਸਲਾ ਕੀਤਾ । ਲੇਕਿਨ ਸੂਬੇਦਾਰ ਜ਼ਕਰੀਆ ਖਾਨ ਨੇ ਮੇਲਾ ਲਗਾਉਣ ਦੀ ਆਗਿਆ ਨਹੀਂ ਦਿੱਤੀ । ਪਰ ਭਾਈ ਸਾਹਿਬ ਦੇ ਜ਼ੋਰ ਦੇਣ ਤੇ ਉਹ ਇਸ ਸ਼ਰਤ ਤੇ ਮੰਨ ਗਿਆ ਕਿ ਪੰਜ ਹਜ਼ਾਰ ਰੁਪਏ ਉਸ ਨੂੰ ਮੇਲਾ ਟੈਕਸ ਦੇ ਰੂਪ ਵਿਚ ਅਦਾ ਕੀਤੇ ਜਾਣ । ਡਾ. ਹਰੀ ਸਿੰਘ ਭਾਰਤੀ ਨੇ ਇਹ ਰਕਮ ਦਸ ਹਜ਼ਾਰ ਰੁਪਏ ਦੱਸੀ ਹੈ:

''ਜ਼ਕਰੀਆ ਖਾਨ ਨੇ ੧੦ ਹਜ਼ਾਰ (ਟਕੇ) ਰੁਪਏ ਮੇਲੇ ਦਾ ਟੈਕਸ ਮੰਗਿਆ ਜੋ ਮੇਲੇ ਮਗਰੋਂ ਭਾਈ ਮਨੀ ਸਿੰਘ ਜੀ ਨੇ ਦੇਣਾ ਪ੍ਰਵਾਨ ਕਰ ਲਿਆ । ਮੇਲਾ ੧੦ ਦਿਨ ਤਕ ਲਗਾਉਣ ਦੀ ਇਜ਼ਾਜ਼ਤ ਮਿਲੀ ।''

ਰਕਮ ਭਾਵੇਂ ੧੦ ਹਜ਼ਾਰ ਹੋਵੇ ਜਾਂ ੫ ਹਜ਼ਾਰ ਪਰ ਇਹ ਸਪਸ਼ਟ ਹੈ ਕਿ ਟੈਕਸ ਅਦਾ ਕਰਨ ਦੀ ਸ਼ਰਤ ਉਪਰ ਜੋੜ ਮੇਲਾ ਲਗਾਉਣ ਦੀ ਆਗਿਆ ਦਿੱਤੀ ਗਈ ਸੀ, ਜੋ ਭਾਈ ਸਾਹਿਬ ਨੇ ਸਵੀਕਾਰ ਕਰ ਲਈ ।

ਪਰ ਸੂਬੇਦਾਰ ਜ਼ਕਰੀਆ ਖਾਨ ਅਤਿਅੰਤ ਕਪਟੀ ਤੇ ਧੋਖੇਬਾਜ਼ ਸੀ । ਉਸ ਨੇ ਮਨ ਵਿਚ ਸੋਚਿਆ, 'ਜਦ ਸਿੱਖ ਅੰਮ੍ਰਿਤਸਰ ਦੀਵਾਲੀ ਮਨਾਉਣ ਆਉਣ ਤਾਂ ਕਿਉਂ ਨਾ ਉਨ੍ਹਾਂ ਨੂੰ ਕਤਲ ਕਰਵਾ ਦਿੱਤਾ ਜਾਵੇ ?'' ਅਜਿਹਾ ਸੋਚ, ਉਸ ਨੇ ਦੀਵਾਲੀ ਤੇ ਆਉਣ ਵਾਲੇ ਸਿੱਖਾਂ ਦੇ ਕਤਲੇਆਮ ਦਾ ਗੁਪਤ ਹੁਕਮ ਆਪਣੇ ਸੈਨਿਕਾਂ ਨੂੰ ਦੇ ਦਿੱਤਾ । ਉਸ ਦੇ ਸੈਨਿਕਾਂ ਨੇ ਸਿੱਖਾਂ ਦੇ ਕਤਲੇਆਮ ਦੀ ਪੂਰੀ-ਪੂਰੀ ਤਿਆਰੀ ਕਰ ਲਈ ਸੀ । ਪਰ ਜ਼ਕਰੀਆ ਖਾਨ ਦੀ ਇਸ ਕੁਚਾਲ ਦਾ ਕਿਸੇ ਤਰ੍ਹਾਂ ਭਾਈ ਸਾਹਿਬ ਨੂੰ ਪਤਾ ਲੱਗ ਗਿਆ ਸੋ ਉਨ੍ਹਾਂ ਨੇ ਸਿੱਖ ਸੰਗਤ ਨੂੰ ਸੁਨੇਹੇ ਭੇਜ ਕੇ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਆਉਣ ਤੋਂ

ਰੋਕ ਦਿੱਤਾ । ਫਲਸਰੂਪ ਦੀਵਾਲੀ ਦੇ ਮੌਕੇ ਨਾ ਤਾਂ ਸਿੱਖ ਸੰਗਤ ਸ੍ਰੀ ਅੰਮ੍ਰਿਤਸਰ ਆਈ ਅਤੇ ਨਾ ਹੀ ਟੈਕਸ ਦੇਣ ਯੋਗ ਰਕਮ ਇਕੱਤਰ ਹੋਈ ।

ਭਾਈ ਮਨੀ ਸਿੰਘ ਜੀ ਤੋਂ ਪੰਜ ਹਜ਼ਾਰ ਰੁਪਏ ਮੇਲਾ ਟੈਕਸ ਮੰਗਿਆ ਗਿਆ । ਸਿੱਖਾਂ ਦੀ ਵਧਦੀ ਹੋਈ ਸ਼ਕਤੀ ਤੋਂ ਭੈਅ-ਭੀਤ ਜ਼ਕਰੀਆ ਖਾਨ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਦਬਾਉਣ ਦੇ ਬਹਾਨੇ ਹੀ ਲੱਭਦਾ ਸੀ । ਇਸ ਤੋਂ ਚੰਗਾ ਮੌਕਾ ਉਸ ਨੂੰ ਕਿਹੜਾ ਹੱਥ ਆਉਣਾ ਸੀ ?

ਪਰਿਣਾਮ ਇਹ ਹੋਇਆ ਕਿ ਮੇਲਾ-ਟੈਕਸ ਅਦਾ ਨਾ ਕਰਨ ਦੇ ਜੁਰਮ ਵਿਚ ਭਾਈ ਮਨੀ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ । ਭਾਈ ਸਾਹਿਬ ਨੂੰ ਸੂਬੇਦਾਰ ਦੇ ਸਨਮੁੱਖ ਪੇਸ਼ ਕੀਤਾ ਗਿਆ । ਭਾਈ ਸਾਹਿਬ ਨੇ ਉਸ ਦੇ ਸਾਹਮਣੇ ਜਾ ਕੇ ਆਪਣੇ ਧਰਮ ਦੇ ਨਿਯਮ ਅਨੁਸਾਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥' ਗਜਾਈ । ਫਤਹਿ ਸੁਣ ਕੇ ਸੂਬੇਦਾਰ ਇਸ ਤਰ੍ਹਾਂ ਭੜਕ ਉਠਿਆ ਜਿਵੇਂ ਬਾਰੂਦ ਉਪਰ ਚਿੰਗਾਰੀ ਪੈ ਗਈ ਹੋਵੇ । ਉਸ ਨੇ ਕਿਹਾ :

''ਰੁਪਏ ਜਮ੍ਹਾਂ ਕਰਵਾ ਜਾਂ ਫਿਰ ਮੁਸਲਮਾਣ ਬਣ ।''

ਭਾਈ ਸਾਹਿਬ ਨੇ ਤਰਕਪੂਰਨ ਉਤਰ ਦਿੱਤਾ-

''ਜਦੋਂ ਤੁਸੀਂ ਲਾਹੌਰ ਤੋਂ ਸੈਨਾ ਭੇਜ ਕੇ ਜੋੜ ਮੇਲਾ ਲੱਗਣ ਹੀ ਨਹੀਂ ਦਿੱਤਾ ਤਾਂ ਕਿਸ ਨਿਆਂ ਨਾਲ ਮੇਲਾ ਟੈਕਸ ਮੰਗਦੇ ਹੋ ?''

ਪਰ ਉਹ ਨਿਆਂ ਜਾਂ ਅਸੂਲ ਦੀ ਗੱਲ ਸੁਣਨ ਲਈ ਤਿਆਰ ਹੀ ਨਹੀਂ ਸੀ । ਬਸ ਇਹੋ ਕਹਿੰਦਾ ਰਿਹਾ-

''ਰਕਮ ਜਮ੍ਹਾਂ ਕਰਵਾ ਜਾਂ ਫਿਰ ਮੁਸਲਮਾਣ ਬਣ ।''

ਪਰ ਭਾਈ ਸਾਹਿਬ ਨੇ ਜੀਵਨ ਦਾ ਰਤਾ ਵੀ ਮੋਹ ਨਾ ਕਰਦੇ ਹੋਏ ਇਸਲਾਮ ਸਵੀਕਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ । ਅੰਤ ਉਨ੍ਹਾਂ ਨੂੰ ਕਾਜ਼ੀ ਅਬਦੁਲ ਰਜ਼ਾਕ ਦੇ ਸਾਹਮਣੇ ਪੇਸ਼ ਕੀਤਾ ਗਿਆ । ਕਾਜ਼ੀ ਨੇ ਫਤਵਾ ਦਿੱਤਾ-

''ਇਸ ਦੇ ਸਰੀਰ ਦੇ ਬੰਦ-ਬੰਦ (ਅੰਗ-ਅੰਗ, ਪੋਟਾ-ਪੋਟਾ) ਕੱਟ ਕੇ ਇਸ ਨੂੰ ਖਤਮ ਕਰ ਦਿੱਤਾ ਜਾਵੇ ।''

ਫਤਵਾ ਸੁਣਦੇ ਸਾਰ ਹੀ ਜਲਾਦ ਭਾਈ ਸਾਹਿਬ ਨੂੰ ਨਖਾਸ ਚੌਂਕ ਵੱਲ ਲੈ ਗਏ । ਏਨੇ ਵਿਚ ਲਾਹੌਰੀ ਸਿੱਖ ਰੁਪਏ ਇਕੱਠੇ ਕਰ ਕੇ ਲੈ ਆਏ ਤਾਂ ਜੋ ਟੈਕਸ ਅਦਾ ਕਰ ਕੇ ਭਾਈ ਸਾਹਿਬ ਨੂੰ ਛੁਡਾ ਸਕਣ । ਲੇਕਿਨ ਭਾਈ ਸਾਹਿਬ ਨੇ ਉਨ੍ਹਾਂ ਨੂੰ ਬਹੁਤ ਪਿਆਰ ਨਾਲ ਸਮਝਾਇਆ-

''ਜੇਕਰ ਤੁਸੀਂ ਮੈਨੂੰ ਇਸ ਸਮੇਂ ਛੁਡਾ ਲਵੋਗੇ ਤਾਂ ਇਹ ਫਿਰ ਕਦੀ ਕਿਸੇ ਨਾ ਕਿਸੇ ਬਹਾਨੇ ਮੈਨੂੰ ਮਾਰ ਦੇਣਗੇ, ਕਿਉਂ ਜੋ ਇਨ੍ਹਾਂ ਦੀ ਨੀਅਤ ਬਦਨੀਅਤ ਹੋ ਚੁੱਕੀ ਹੈ ।''

ਸੰਗਤ ਦੇ ਬਹੁਤ ਜ਼ੋਰ ਦੇਣ ਉਪਰ ਉਨ੍ਹਾਂ ਨੇ ਅੱਗੋਂ ਕਿਹਾ -

''ਮੈਂ ਨਾਸ਼ਵਾਨ ਸਰੀਰ ਧਰਮ ਦੇ ਲੇਖੇ ਲਾ ਰਿਹਾ ਹਾਂ । ਇਸ ਲਈ ਸੰਗਤ ਨੂੰ ਖੁਸ਼ ਹੋਣਾ ਚਾਹੀਦਾ ਹੈ ।''

ਜਲਾਦਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ । ਉਹ ਸਰੀਰ ਦੇ ਸਿਰਫ ਚਾਰ ਟੁਕੜੇ ਕਰਨਾ ਚਾਹੁੰਦੇ ਸਨ ਪਰ ਭਾਈ ਸਾਹਿਬ ਨੇ ਜਲਾਦਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ :

''ਤਬਹਿ ਮਨੀ ਸਿੰਘ ਉਨ ਸੋ ਕਹੀਂ,
ਤੁਮ ਬੰਦ ਬੰਦ ਕੋ ਜਾਨਤ ਨਹੀਂ ॥੪੫॥
ਮੈਂ ਬੰਦ ਬੰਦ ਨਿਜ ਦਿਉ ਬਤਾਈਂ,
ਤਿਮੈਂ ਤਿਮੈਂ ਤੂੰ ਛੁਰੀ ਚਲਾਈਂ,
ਪਹਿਲੇ ਉਂਗਲੀਓਂ ਪੋਟੇ ਕਟਾਏ,

ਫਿਰ ਮਧ ਗੰਢੋਂ ਬੰਦ ਛੁਡਾਏ ।।੪੬।।''

(ਪ੍ਰਾਚੀਨ ਪੰਥ ਪ੍ਰਕਾਸ਼,

ਭਾਈ ਰਤਨ ਸਿੰਘ ਭੰਗੂ, ਪੰਨਾ ੨੨੬)

ਅਰਥਾਤ ਬੰਦ-ਬੰਦ ਕੱਟੋ । ਸਭ ਤੋਂ ਪਹਿਲਾਂ ਉਂਗਲਾਂ ਦੇ ਸਾਰੇ ਜੋੜ ਕੱਟੋ, ਫਿਰ ਪਹੁੰਚਾ, ਕੂਹਣੀ ਅਤੇ ਮੋਢਾ । ਇਸੇ ਤਰ੍ਹਾਂ ਦੂਜੀ ਬਾਂਹ ਅਤੇ ਦੋਵਾਂ ਟੰਗਾਂ ਨੂੰ ਕੱਟੋ । ਆਪਣੇ ਕਾਜ਼ੀ ਦੇ ਹੁਕਮ ਦੀ ਪੂਰੀ-ਪੂਰੀ ਤਾਮੀਲ ਕਰੋ ।

ਜ਼ਾਲਮਾਂ ਨੇ ੨੮ ਨਵੰਬਰ, ੧੭੩੯ ਈ. ਨੂੰ ਲਾਹੌਰ ਦੇ ਮਸਤੀ ਦਰਵਾਜੇ ਦੇ ਬਾਹਰ ਭਾਈ ਸਾਹਿਬ ਦੇ ਸਰੀਰ ਦੇ ਬੰਦ-ਬੰਦ ਕੱਟ ਕੇ ਉਜਲ ਦੀਦਾਰ ਦੇ ਸਵੱਛ ਆਤਮਾਂ ਨੂੰ ਸ਼ਹੀਦ ਕਰ ਦਿੱਤਾ । ਭਾਈ ਸਾਹਿਬ ਦੀ ਪਾਵਨ ਯਾਦ ਵਿਚ ਲਾਹੌਰ ਸ਼ਹੀਰ ਦੇ ਸ਼ਾਹੀ ਕਿਲ੍ਹੇ ਕੋਲ, 'ਗੁਰਦੁਆਰਾ ਸ਼ਹੀਦ ਗੰਜ ਸਾਹਿਬ' ਮੌਜੂਦ ਹੈ ।

ਸ਼ਹੀਦ ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੇ ਇੱਕ ਅਦੁੱਤੀ ਅਤੇ ਮਹਾਨ ਸ਼ਹੀਦ ਨਹੀਂ ਸਗੋਂ ਪੰਜਾਬ ਦੇ ਇਤਿਹਾਸ ਵਿਚ ਉਹ ਨਿਰਾਲੇ ਬਹੁ-ਪੱਖੀ ਵਿਅਕਤਿੱਤਵ ਦੇ ਚਾਨਣ-ਮੁਨਾਰੇ ਹਨ । ਡਾ. ਹਰੀ ਸਿੰਘ ਭਾਰਤੀ ਆਪਣੇ ਇਕ ਲੇਖ ਵਿਚ ਭਾਈ ਸਾਹਿਬ ਦੀ ਬਹੁਪੱਖੀ ਸ਼ਖਸੀਅਤ ਬਾਰੇ ਇਉਂ ਚਾਨਣਾ ਪਾਉਂਦੇ ਹਨ :

''ਭਾਈ ਮਨੀ ਸਿੰਘ ਦੀ ਬਹੁਪੱਖੀ ਸ਼ਖਸੀਅਤ ਦੀ ਪੰਜਾਬ ਦੇ ਇਤਿਹਾਸ ਵਿਚ ਇਕ ਨਿਵੇਕਲੀ ਤੇ ਨਿਆਰੀ ਥਾਂ ਹੈ । ਇਕ ਐਸੇ ਸਮੇਂ ਵਿਚ ਜਦੋਂ ਕਿ ਪੰਜਾਬ ਉਪਰ ਜਾਬਰ ਅਤੇ ਪਤਿਤ ਹਕੂਮਤ ਲੋਕਾਂ ਦੀ ਇਕਲਾਖੀ ਸ਼ਖਸੀਅਤ ਨੂੰ ਮਲੀਆਮੇਟ ਕਰਨ ਉਪਰ ਤੁਲੀ ਹੋਈ ਸੀ, ਜਦੋਂ ਇਸ ਤਰ੍ਹਾਂ ਦੇ ਸਰਕਾਰੀ ਹੁਕਮ ਜਾਰੀ ਹੋ ਚੁੱਕੇ ਸਨ ਕਿ ਕੋਈ ਬੰਦਾ 'ਗੁੜ' ਸ਼ਬਦ ਦੀ ਵਰਤੋਂ ਵੀ ਨਹੀਂ ਸੀ ਕਰ ਸਕਦਾ, ਕਿਉਂਕਿ ਇਹ 'ਗੁਰ ਸ਼ਬਦ' ਦੇ ਕਿਸੇ ਹੱਦ ਤੱਕ ਨੇੜੇ ਹੈ । ਜਦੋਂ ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਗਏ ਸਨ, ਉਸ ਸਮੇਂ ਭਾਈ ਮਨੀ ਸਿੰਘ ਜੀ ਮਨੁੱਖੀ ਅਣਖ ਤੇ ਵਿਚਾਰਾਂ ਦੀ ਸੁਤੰਤਰਤਾ ਦੀ ਰੱਖਿਆ ਵਾਸਤੇ ਵਹਿਸ਼ੀ ਬਰਬਰਤਾ ਦੇ ਸਾਹਮਣੇ ਆਤਮਕ ਬਲ ਦੀ ਉਚਤਾ ਦਰਸਾਉਣ ਦੀ ਖਾਤਰ ਮੈਦਾਨ ਵਿਚ ਨਿਤਰੇ ਤੇ ਬੰਦ ਬੰਦ ਕਟਵਾ ਦੇਸ਼ ਕੌਮ ਲਈ, ਧਰਮ ਦੀ ਰਖਿਆ ਲਈ ਮਹਾਨ ਸ਼ਹੀਦੀ ਪ੍ਰਾਪਤ ਕੀਤੀ । ਇਸ ਤਰ੍ਹਾਂ ਖਿਆਲਾਂ ਦੀ ਆਜ਼ਾਦੀ ਅਤੇ ਧਰਮ ਦੀ ਰੱਖਿਆ ਦੇ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦਾ ਦਰਜਾ ਦੁਨੀਆਂ ਦੇ ਮਹਾਨ ਯੋਧਿਆਂ ਵਿਚ ਮੰਨਿਆ ਜਾਣਾ ਚਾਹੀਦਾ ਹੈ । ਭਾਈ ਮਨੀ ਸਿੰਘ ਜੀ ਦੀ ਅਹਿਮੀਅਤ ਕੇਵਲ ਇਕ ਜੀਵਨ ਉਸਾਰੂ ਪ੍ਰੇਰਨਾ ਕਰਕੇ ਹੀ ਨਹੀਂ ਸਗੋਂ ਸੁਚੱਜੇ ਮਰਨ ਦਾ ਢੰਗ ਦੱਸਣ ਕਰਕੇ ਵੀ ਬਹੁੱਤ ਹੈ । ਉਹ ਇਕ ਕਰਮਯੋਗੀ ਸੀ, ਆਪਣੇ ਸਮੇਂ ਦਾ ਨਿਰਭੈ ਯੋਧਾ, ਸਿਆਸੀ ਅਤੇ ਧਾਰਮਿਕ ਆਗੂ ਹੋਣ ਤੋਂ ਬਿਨਾਂ ਸਿੱਖ ਧਰਮ ਤੇ ਸਾਹਿਤ ਦਾ ਮਹਾਨ ਵਿਦਵਾਨ ਅਤੇ ਪੂਰਨ ਗਿਆਤਾ ਵੀ ਸੀ ।'' (ਸਿੱਖ ਧਰਮ ਤੇ ਸ਼ਹੀਦੀ ਪਰੰਪਰਾ)

# ਅਦੁੱਤੀ ਸ਼ਹੀਦ – ਬਾਬਾ ਦੀਪ ਸਿੰਘ ਜੀ

-ਪ੍ਰੋ. ਕਿਰਪਾਲ ਸਿੰਘ ਬਡੂੰਗਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਪੰਥ ਨੇ ਹਿੰਦੁਸਤਾਨ ਅਤੇ ਹੱਕ-ਸੱਚ ਦੀ ਰਾਖੀ ਲਈ ਜੋ ਸੁਨਹਿਰੀ ਇਤਿਹਾਸ ਰਚਿਆ ਹੈ, ਇਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਹੋਰ ਕਿਤੇ ਨਹੀਂ ਮਿਲਦੀ । ਅਮਨ ਸ਼ਾਂਤੀ ਦੇ ਸਮੇਂ ਤਾਂ ਧਰਮ ਦੇ ਰਾਖੇ ਬਣ ਬੈਠਣਾ ਕੋਈ ਵੱਡੀ ਗੱਲ ਨਹੀਂ ਹੁੰਦੀ, ਜਦੋਂ ਹੱਕ ਸੱਚ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੋਵੇ ਤੇ ਧਰਮ ਦਾ ਨਾਂ ਲੈਣਾ ਵੀ ਜ਼ੁਲਮ ਸਮਝਿਆ ਜਾਂਦਾ ਹੋਵੇ । ਜ਼ੁਲਮ ਵੀ ਅਜਿਹਾ ਜਿਸਦੀ ਕੋਈ ਦਾਦ-ਫਰਿਆਦ ਨਾ ਹੋਵੇ ਤੇ ਕਿਸੇ ਤੋਂ ਨਿਆਂ ਦੀ ਕੋਈ ਆਸ ਨਾ ਹੋਵੇ । ਮੁਗਲ ਰਾਜ ਸਮੇਂ ਖਾਸ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਸਮੇਂ ਗੈਰ ਮੁਸਲਮਾਨਾਂ ਤੇ ਅਨੇਕ ਪ੍ਰਕਾਰ ਦੀਆਂ ਬੰਦਸ਼ਾਂ ਲਗਾ ਦਿੱਤੀਆਂ ਗਈਆਂ ਤੇ ਤਲਵਾਰ ਦੇ ਜ਼ੋਰ ਨਾਲ ਗੈਰ ਮੁਸਲਮਾਨਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ ।

ਅਜਿਹੇ ਘੋਰ ਸੰਕਟ ਦੇ ਸਮੇਂ ਜਦੋਂ ਇਸ ਜ਼ੁਲਮ ਅੱਗੇ ਸਾਰੇ ਹਿੰਦੁਸਤਾਨ ਦੀ ਜਨਤਾ ਥਰ-ਥਰ ਕੰਬ ਰਹੀ ਸੀ, ਉਸ ਸਮੇਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਬਚਾਉਣ ਲਈ ਅਤੇ ਹੱਕ-ਸੱਚ ਦੀ ਰਾਖੀ ਲਈ ਜ਼ਾਲਮ ਹਕੂਮਤ ਨੂੰ ਠੱਲ੍ਹ ਪਾਉਣ ਲਈ ਖਾਲਸੇ ਦੀ ਸਾਜਨਾ ਕੀਤੀ । ਅਕਾਲ ਪੁਰਖ ਨੇ ਖਾਲਸਾ ਦਲਾਂ ਨੂੰ ਅਜਿਹਾ ਹੌਸਲਾ ਤੇ ਬਲ ਬਖਸ਼ਿਆ ਕਿ ਸੂਰਬੀਰ ਸਿੰਘਾਂ ਨੇ ਹਰ ਜ਼ੁਲਮਾਂ ਦਾ ਟਾਕਰਾ ਆਪਣਾ ਸਿਰ ਤਲੀ ਤੇ ਧਰ ਕੇ ਦੁਨੀਆਂ ਅੱਗ ਅਜਿਹੇ ਕਾਰਨਾਮੇ ਪੇਸ਼ ਕੀਤੇ ਕਿ ਲੋਕ ਮੂੰਹ ਵਿਚ ਉਂਗਲਾਂ ਪਾ ਕੇ ਸੋਚਣ ਲੱਗ ਪਏ ।

ਸਿੱਖਾਂ ਦੀਆਂ ੧੨ ਮਿਸਲਾਂ 'ਚੋਂ ਸ਼ਹੀਦਾਂ ਦੀ ਮਿਸਲ ਦੇ ਬਾਨੀ ਬਾਬਾ ਦੀਪ ਸਿੰਘ ਜੀ ਦਾ ਜਨਮ ੧੬੮੨ ਈ. ਵਿਚ ਅੰਮ੍ਰਿਤਸਰ ਪਰਗਣੇ ਦੇ ਪਹੂਵਿੰਡ ਪਿੰਡ ਵਿਖੇ ਹੋਇਆ । ਜੁਆਨ ਅਵਸਥਾ ਵਿਚ ਆਪ ਖੰਡੇ-ਬਾਟੇ ਦੀ ਪਾਹੁਲ ਛਕ ਕੇ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹਿਣ ਲੱਗੇ ਪਏ । ਜੱਥੇਦਾਰ ਬੁੱਢਾ ਸਿੰਘ ਜੀ ਵੀ ਆਪ ਜੀ ਦੇ ਸਾਥੀ ਸਨ ।

ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਮਕੌਰ ਦੀ ਜੰਗ ਤੋਂ ਬਾਅਦ ਜੰਗਲਾਂ ਦੇ ਵਿਚ ਦੀ ਹੁੰਦੇ ਹੋਏ ਪਿੰਡਾਂ ਵਿਚ ਠਹਿਰਦੇ ਤਲਵੰਡੀ ਸਾਬੋ ਪਹੁੰਚੇ ਅਤੇ ਇਸ ਜਗ੍ਹਾ ਤੇ ਆ ਕੇ ਟਿਕ ਗਏ ਅਤੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ, ਜਿਸ ਕਾਰਨ ਇਸ ਜਗ੍ਹਾ ਦਾ ਨਾਂ ਦਮਦਮਾ ਸਾਹਿਬ ਪੈ ਗਿਆ । ਤਲਵੰਡੀ ਸਾਬੋ ਵਿਖੇ ਅੱਜ ਜਿਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਇਮਾਰਤ ਬਣੀ ਹੋਈ ਹੈ, ਇਸ ਜਗ੍ਹਾ ਤੇ ਗੁਰੂ ਜੀ ਦਰਬਾਰ ਸਜਾਇਆ ਕਰਦੇ ਸਨ । ਇਸੇ ਜਗ੍ਹਾ ਤੇ ਮਾਤਾ ਜੀ ਨੇ ਪੁੱਤਰਾਂ ਦੀ ਸ਼ਹੀਦੀ ਦਾ ਹਾਲ ਪੁੱਛਿਆ ਸੀ । ਤਲਵੰਡੀ ਸਾਬੋ ਵਿਚ ਗੁਰੂ ਸਾਹਿਬ ਦੇ ਕਾਫੀ ਸਮਾਂ ਟਿਕੇ ਰਹਿਣ ਕਰਕੇ ਇਸ ਜਗ੍ਹਾ ਤੇ ਕਈ ਸਥਾਨ ਗੁਰੂ ਸਾਹਿਬ ਦੀ ਯਾਦਾਂ ਨਾਲ ਜੁੜੇ

---

ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ।

ਹੋਏ ਹਨ ਅਤੇ ਦੂਰੋਂ-ਦੂਰੋਂ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਇਸ ਜਗ੍ਹਾ ਤੇ ਆਉਂਦੇ ਹਨ। ਉਚ ਕੋਟੀ ਦੇ ਵਿਦਵਾਨ, ਨਾਮ-ਅਭਿਆਸੀ, ਕੁਰਬਾਨੀ ਦੇ ਪੁੰਜ, ਧਰਮੀ ਸੂਰਬੀਰ, ਸਿੱਖ ਪੰਥ ਦੇ ਅਣਖੀਲੇ ਜਥੇਦਾਰ ਬਾਬਾ ਦੀਪ ਸਿੰਘ ਜੀ ਵੀ ਇਸ ਜਗ੍ਹਾ 'ਪੁਰ ਗੁਰੂ ਜੀ ਪਾਸ ਰਹਿੰਦੇ ਰਹੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦੋਂ ਦੱਖਣ ਦੀ ਯਾਤਰਾ ਤੋਂ ਪਹਿਲਾਂ ਦਮਦਮਾ ਸਾਹਿਬ ਤਲਵੰਡੀ ਸਾਬੋ ਠਹਿਰੇ ਹੋਏ ਸਨ, ਉਸ ਸਮੇਂ ਉਨ੍ਹਾਂ ਨੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਪਿਤਾ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰਵਾ ਕੇ ਨਵਾਂ ਸਰੂਪ ਤਿਆਰ ਕਰਵਾਇਆ । ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਦੀ ਯਾਤਰਾ ਤੇ ਗਏ ਤਾਂ ਬਾਬਾ ਦੀਪ ਸਿੰਘ ਜੀ ਅਤੇ ਜੱਥੇਦਾਰ ਬੁੱਢਾ ਜੀ ਦੀ ਡਿਊਟੀ ਦਮਦਮਾ ਸਾਹਿਬ ਵਿਖੇ ਸੇਵਾ ਸੰਭਾਲ ਲਈ ਲਗਾਈ ਗਈ । ਦਮਦਮਾ ਸਾਹਿਬ ਵਿਖੇ ਸੇਵਾ-ਸੰਭਾਲ ਕਰਦਿਆਂ ਬਾਬਾ ਦੀਪ ਸਿੰਘ ਜੀ ਨੇ ਇਕ ਖੂਹ ਲਗਾਵਾਇਆ ਜੋ ਤਖ਼ਤ ਸਾਹਿਬ ਦੀ ਪਰਕਰਮਾ ਵਿਚ ਹੈ , ਜੋ ਸ਼ਹੀਦਾਂ ਦੇ ਖੂਹ ਨਾਲ ਜਾਣਿਆ ਜਾਂਦਾ ਹੈ । ਜਥੇਦਾਰ ਬੁੱਢਾ ਜੀ ਨੇ ਬੇਰੀਆਂ ਦੇ ਦਰੱਖਤ ਲਗਵਾਏ ।

ਦੱਖਣ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਕੇ ਪੰਜਾਬ ਭੇਜਿਆਂ, ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਆਪਣੇ ਸਾਥੀ ਸਿੰਘਾਂ ਸਮੇਤ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸਹਾਇਤਾ ਕੀਤੀ । ਇਹ ਮੈਦਾਨ-ਏ-ਜੰਗ ਵਿਚ ਸਭ ਤੋਂ ਅੱਗੇ ਹੋ ਕੇ ਲੜਦੇ ਜਿਸ ਨਾਲ ਵਿਰੋਧੀਆਂ ਵਿਚ ਬਾਬਾ ਜੀ ਦਾ ਇਤਨਾਂ ਦਬਦਬਾ ਬੈਠ ਗਿਆ ਕਿ ਉਹ ਬਾਬਾ ਜੀ ਦਾ ਨਾਂ ਸੁਣ ਕੇ ਹੀ ਮੈਦਾਨ ਵਿਚੋਂ ਤਿੱਤਰ ਹੋ ਜਾਂਦੇ ਸਨ ਅਤੇ ਇਨ੍ਹਾਂ ਦੇ ਜਥੇ ਦਾ ਨਾਂ ਸ਼ਹੀਦੀ ਜਥਾ ਪ੍ਰਸਿੱਧ ਹੋ ਗਿਆ ।

ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਮੁਗਲ ਸਰਕਾਰ ਵਲੋਂ ਸਿੱਖਾਂ ਤੇ ਸ਼ਖਤੀਆਂ ਦਾ ਦੌਰ ਚਲਿਆ । ਜ਼ਕਰੀਆ ਖਾਨ ਦੇ ਸਮੇਂ ਇਹ ਸ਼ਕਤੀ ਇਕ ਭਿਆਨਕ ਸੰਘਰਸ਼ ਦਾ ਰੂਪ ਧਾਰਨ ਕਰ ਗਈ । ਉਸ ਸਮੇਂ ਖਾਲਸਾ ਪੰਥ ਇਕ ਜਥੇ ਦੇ ਰੂਪ ਵਿਚ ਵਿਚਰਦਾ ਸੀ ਅਤੇ ਬਾਬਾ ਦੀਪ ਸਿੰਘ ਜੀ ਨੂੰ ਜਥੇ ਦੇ ਮੁਖੀ ਸਿੰਘਾਂ ਵਿਚ ਗਿਣਿਆ ਜਾਂਦਾ ਸੀ । ਗਿਆਨੀ ਗਿਆਨ ਸਿੰਘ ਜੀ ਅਨੁਸਾਰ ਉਸ ਸਮੇਂ ਜਥੇਦਾਰ ਦਰਬਾਰ ਸਿੰਘ ਦੀਵਾਨ, ਜਥੇਦਾਰ ਸੰਗਤ ਸਿੰਘ ਖਜ਼ਾਨਚੀ, ਜਥੇਦਾਰ ਹਰੀ ਸਿੰਘ ਲਾਂਗਰੀ, ਜਥੇਦਾਰ ਭਗਤ ਸਿੰਘ ਮੋਦੀ, ਜਥੇਦਾਰ ਬੁੱਢਾ ਸਿੰਘ ਦੇਸੀ, ਜਥੇਦਾਰ ਹਰਦਿੱਤ ਸਿੰਘ, ਜਥੇਦਾਰ ਗਰਜਾ ਸਿੰਘ, ਜਥੇਦਾਰ ਸੱਜਣ ਸਿੰਘ, ਜਥੇਦਾਰ ਈਸ਼ਰ ਸਿੰਘ, ਜਥੇਦਾਰ ਗਿਆਨ ਸਿੰਘ, ਜਥੇਦਾਰ ਸਾਧੂ ਸਿੰਘ, ਜਥੇਦਾਰ ਦੇਵਾ ਸਿੰਘ, ਨਵਾਬ ਕਪੂਰ ਸਿੰਘ, ਜਥੇਦਾਰ ਹਰੀ ਸਿੰਘ ਸੁਖਈ, ਬਾਬਾ ਦੀਪ ਸਿੰਘ, ਜਥੇਦਾਰ ਗੁਰਬਖਸ਼ ਸਿੰਘ (ਸ਼ਹੀਦ), ਜਥੇਦਾਰ ਬਰਾਜ ਸਿੰਘ, ਜਥੇਦਾਰ ਜੱਸਾ ਸਿੰਘ ਜੀ, ਜਥੇਦਾਰ ਕਰਮ ਸਿੰਘ ਜੀ, ਜਥੇਦਾਰ ਭੋਲਾ ਸਿੰਘ, ਜਥੇਦਾਰ ਅਤਰ ਸਿੰਘ ਜੀ, ਜਥੇਦਾਰ ਸੀਹਾਂ ਸਿੰਘ ਜੀ, ਜਥੇਦਾਰ ਬਚਨ ਸਿੰਘ ਜੀ, ਜਥੇਦਾਰ ਕੇਹਰ ਸਿੰਘ ਜੀ, ਜਥੇਦਾਰ ਬੂਜ ਸਿੰਘ ਜੀ, ਜਥੇਦਾਰ ਘਨਮੋਰ ਸਿੰਘ, ਅਤੇ ਜਥੇਦਾਰ ਅਮਰ ਸਿੰਘ ਜੀ ਆਦਿ ਮੁਖੀ ਸਿੰਘ ਸਨ ।

੧੭੩੫ ਈ. ਵਿਚ ਜ਼ਕਰੀਆ ਖਾਨ ਨੇ ਸ੍ਰੀ ਅੰਮ੍ਰਿਤਸਰ ਦੇ ਇਰਦ-ਗਿਰਦ ਪਹਿਰੇ

ਲਾ ਕੇ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਸਾਰੇ ਰਸਤੇ ਬੰਦ ਕਰ ਦਿੱਤੇ । ਜ਼ੰਡਿਆਲੇ ਦਾ ਤੁਅੱਲਕਦਾਰ ਮੱਸਾ ਰੰਘੜ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ । ਉਸ ਨੂੰ ਸਜ਼ਾ ਦੇਣ ਲਈ ਭਾਈ ਮਹਿਤਾਬ ਸਿੰਘ ਜੀ ਅਤੇ ਭਾਈ ਸੁਖਾ ਸਿੰਘ ਜੀ ਨੂੰ ਜਥੇਦਾਰ ਬੁੱਢਾ ਸਿੰਘ ਜੀ ਨੇ ਬੀਕਾਨੇਰ ਤੋਂ ਭੇਜਿਆ । ਉਹ ਜਾਂਦੇ ਸਮੇਂ ਬਾਬਾ ਦੀਪ ਸਿੰਘ ਜੀ ਪਾਸ ਦਮਦਮਾ ਸਾਹਿਬ ਠਹਿਰੇ ਸਨ ਅਤੇ ਮੱਸੇ ਰੰਘੜ ਨੂੰ ਉਸ ਦੇ ਕੀਤੇ ਦੀ ਸਜ਼ਾ ਦੇਣ ਤੋਂ ਬਾਅਦ ਉਸ ਦਾ ਸਿਰ ਨੇਜ਼ੇ ਤੇ ਟੰਗ ਕੇ ਲਿਜਾਂਦੇ ਹੋਏ ਵਾਪਸੀ ਤੇ ਵੀ ਦਮਦਮਾ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਪਾਸ ਠਹਿਰੇ ।

ਜਦ ਅਦੀਨਾ ਬੇਗ ਦੇ ਮਰਨ ਪਿਛੋਂ ਜਲੰਧਰ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦਾ ਇਲਾਕਾ ਮੁਹੰਮਦ ਅਮੀਨ ਤੋਂ ਫਤਹਿ ਕਰਕੇ ਆਪਣੇ ਸਾਥੀ ਭਾਈ ਦਿਆਲ ਸਿੰਘ ਜੀ ਤੇ ਭਾਈ ਨੱਥਾ ਸਿੰਘ ਜੀ ਸ਼ਹੀਦ ਨੂੰ ਦੇ ਦਿੱਤਾ, ਜੋ ਸ਼ਹੀਦ ਭਾਈ ਕਰਮ ਸਿੰਘ ਜੀ ਦੇ ਸਮੇਂ ਤੱਕ ਮਿਸਲ ਸ਼ਹੀਦਾਂ ਨੂੰ ਸਾਲਾਨਾ ਕੁਝ ਨਾ ਕੁਝ ਪਹੁੰਚਾਉਂਦੇ ਰਹੇ, ਕਿੰਤੂ ਗੁਲਾਬ ਸਿੰਘ ਦਾ ਅਵੈੜਪੁਣਾ ਦੇਖ ਕੇ ਉਹ ਜਾਗੀਰ ਦਰਬਾਰ ਬੇਰ ਬਾਬਾ ਨਾਨਕ ਸਾਹਿਬ ਦੇ ਨਾਮ ਲਾ ਦਿੱਤੀ ।

ਅਹਿਮਦਸ਼ਾਹ ਅਬਦਾਲੀ ਨੇ ਜਹਾਨ ਖਾਨ ਨੂੰ ਸਿੰਘਾਂ ·ਤੇ ਹਮਲਾ ਕਰਨ ਲਈ ਭੇਜਿਆ । ਦੁਰਾਨੀਆਂ ਦਾ ਜ਼ੋਰ ਦੇਖ ਕੇ ਕੁਝ ਸਿੰਘ ਮਾਲਵੇ ਵੱਲ ਨੂੰ ਚਲੇ ਗਏ । ਜਹਾਨ ਖਾਨ ਅੰਮ੍ਰਿਤਸਰ ਵਿਖੇ ਡੇਰੇ ਲਾ ਕੇ ਬੈਠ ਗਿਆ ਅਤੇ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਲੱਗ ਪਿਆ । ਸ੍ਰੀ ਅੰਮ੍ਰਿਤਸਰ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ । ਜਦੋਂ ਬਾਬਾ ਦੀਪ ਸਿੰਘ ਜੀ ਨੂੰ ਇਸ ਗੱਲ ਦਾ ਪੱਤਾ ਲਗਾ ਤਾਂ ਆਪ ਨੇ ਉਸੇ ਵੇਲੇ ਅੰਮ੍ਰਿਤਸਰ ਪਹੁੰਚ ਕੇ ਬਦਲਾ ਲੈਣ ਦਾ ਫੈਸਲਾ ਕਰ ਲਿਆ । ਝਟਪਟ ਆਪਣੀ ਜਗ੍ਹਾ ਭਾਈ ਨੱਥਾ ਸਿੰਘ ਜੀ ਨੂੰ ਛੱਡ ਕੇ ਸ਼ਹੀਦ ਹੋਣ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ । ਉਸ ਸਮੇਂ ਆਪ ਜੀ ਦੇ ਨਾਲ ੫੦੦ ਸਿੰਘਾਂ ਦਾ ਜਥਾ ਸੀ । ਰਸਤੇ ਵਿਚ ਲਾਗਲੇ ਪਿੰਡਾਂ ਜੋਗਾ, ਦੋਰਾਜ, ਭੁੱਚੋ, ਗੋਬਿੰਦਪੁਰ, ਲੱਖੀ ਜੰਗਲ, ਬਹਿਮਨ, ਮਾਹਨਵਾਲ, ਕੋਟ, ਪੰਜੇ ਕੇ, ਗੁਰੂ ਚੌਤਰਾ, ਫੂਲਾ, ਮਹਿਰਾਜ ਤੋਂ ਹੋਰ ਸਿੰਘ ਜਥੇ ਵਿਚ ਰਲਦੇ ਗਏ, ਇਸ ਤਰ੍ਹਾਂ ਤਰਨ-ਤਾਰਨ ਪਹੁੰਚਣ ਤੀਕ ਉਨ੍ਹਾਂ ਨਾਲ ਪੰਜ ਹਜ਼ਾਰ ਜੁਝਾਰੂ ਸਿੰਘਾਂ ਦਾ ਜਥਾ ਬਣ ਗਿਆ ਸੀ । ਉਨ੍ਹਾਂ ਨੇ ਕਿਹਾ ਕਿ ਜੋ ਗੁਰੂ ਦੇ ਰਾਹ ਤੇ ਸਿਰ ਦੇਣ ਲਈ ਤਿਆਰ· ਹੈ ਉਹੀ ਉਨ੍ਹਾਂ ਨਾਲ ਆਵੇ । ਉਨ੍ਹਾਂ ਦੇ ਸੱਦੇ ਤੇ ਪੰਜ ਹਜ਼ਾਰ ਗੁਰੂ ਕੇ ਸਿੰਘ ਸ਼ਹੀਦ ਹੋਣ ਲਈ ਤਿਆਰ-ਬਰ-ਤਿਆਰ ਹੋ ਕੇ ਆ ਪਹੁੰਚੇ। ਉਧਰ ਲਾਹੌਰ ਦੇ ਸੂਬੇ ਨੂੰ ਵੀ ਖਬਰ ਲੱਗ ਗਈ ਕਿ ਸਿੱਖ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਇਕੱਠੇ ਹੋ ਰਹੇ ਹਨ । ਹਾਜੀ ਅਤਾਈ ਖਾਂ ਗਸ਼ਤੀ ਫੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚੱਕਰ ਲੱਗਾ ਰਿਹਾ ਸੀ । ਅੰਮ੍ਰਿਤਸਰ ਪਹੁੰਚ ਕੇ ਸਿੱਖਾਂ ਨੂੰ ਦਬਾਉਣ ਦਾ ਹੁਕਮ ਹੋਇਆ । ਉਧਰੋਂ ਸੂਬੇ ਨੇ ਢੋਲ ਵਜਵਾ ਕੇ ਲਾਹੌਰ ਵਿਚ ਜਹਾਦ ਦਾ ਐਲਾਨ ਕਰਵਾ ਦਿੱਤਾ ਅਤੇ ਸਾਰੇ ਮੋਮਨਾਂ ਨੂੰ ਨਿੱਤਰਨ ਲਈ ਵੰਗਾਰਿਆ । ਲਾਹੌਰ ਦਾ ਫੌਜਦਾਰ ਜਹਾਨ ਖਾਂ ਦੋ ਹਜ਼ਾਰ ਸਵਾਰ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ । ਸਿੰਘਾਂ ਦੇ ਆਉਣ ਦੀ ਖਬਰ ਦੁਰਾਨੀ ਨੂੰ ਵੀ ਮਿਲ ਚੁੱਕੀ ਸੀ ਉਹ ਵੀ ਆਪਣੀ ਫੌਜ ਲੈ ਕੇ ਗੋਹਲਵੜ (ਤਰਨ

ਤਾਰਨ ਤੋਂ ਅੰਮ੍ਰਿਤਸਰ ਮਾਰਗ ਤੇ ਇਕ ਪਿੰਡ) ਕੋਲ ਆਣ ਪਹੁੰਚਾ । ਦੋਵਾਂ ਦਲਾਂ ਦਾ ਮੁਕਾਬਲਾ ਗੋਹਲਵੜ ਕੋਲ ਹੋ ਗਿਆ । ਗਹਿਗਚ ਲੜਾਈ ਹੋਈ, ਛੇ ਕੋਹ ਦੇ ਵਿਚਕਾਰ ਲਾਸ਼ਾਂ ਹੀ ਲਾਸ਼ਾਂ ਵਿੱਛ ਗਈਆਂ । ਗਿਆਨੀ ਗਿਆਨ ਸਿੰਘ ਅਨੁਸਾਰ, "ਚੱਬੇ ਪਿੰਡ ਦੇ ਕੋਲ ਸ਼ਾਹ ਜਮਾਲ ਨਾਲ ਬਾਬਾ ਜੀ ਦੀ ਇਤਨੀ ਭਿਆਨਕ ਲੜਾਈ ਹੋਈ ਕਿ ਬਾਬਾ ਜੀ ਸਿਰ ਤਲੀ ਤੇ ਧਰ ਕੇ ਲੜੇ ਅਤੇ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬਾਬਾ ਜੀ ਸ਼ਹੀਦੀ ਪਾ ਗਏ ।" ਇਹ ਘਟਨਾ ੧੧ ਨਵੰਬਰ ੧੭੫੭ ਈ. ਦੀ ਹੈ । (ਪ੍ਰੋਫੈਸਰ ਹਰਬੰਸ ਸਿੰਘ, ਇਨਸੈਕਲੋਪੀਡੀਆ ਆਫ ਸਿੱਖਇਜਮ)

ਇਸੇ ਤਰ੍ਹਾਂ ਜਥੇਦਾਰ ਰਾਮ ਸਿੰਘ ਬਹੁਤਿਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ, ਜਿਨ੍ਹਾਂ ਦਾ ਸ਼ਹੀਦ ਗੰਜ ਰਾਮਗੜ੍ਹੀਆਂ ਦੇ ਕਟੜੇ ਵਿਚ ਹੈ । ਬਾਬਾ ਸੱਜਣ ਸਿੰਘਜੀ, ਬਾਬਾ ਬਹਾਦਰ ਸਿੰਘ ਜੀ ਤੇ ਕਈ ਹੋਰ ਸਿੰਘ ਗੁਰੂ ਦੇ ਬਾਗ ਵਿਚ ਲੜਦੇ ਸ਼ਹੀਦ ਹੋ ਗਏ, ਉਨ੍ਹਾਂ ਦਾ ਸ਼ਹੀਦੀ ਸਥਾਨ ਬਾਗ ਵਿਚ ਹੈ । ਬਾਗ ਦੀ ਜਗ੍ਹਾਂ ਅੱਜ-ਕੱਲ੍ਹ ਦੀਵਾਨ ਹਾਲ ਮੰਜੀ ਸਾਹਿਬ ਬਣ ਗਿਆ ਹੈ । ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਮੰਜੀ ਸਾਹਿਬ ਦੇ ਨੇੜੇ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ, ਜਿਸ ਦੇ ਥੜ੍ਹੇ ਉਪਰ ਹੇਠ ਲਿਖੇ ਸਿੰਘਾਂ ਦੇ ਨਾਮ ਲਿਖੇ ਹੋਏ ਹਨ :

੧) ਬਾਬਾ ਦੀਪ ਸਿੰਘ ਜੀ ਸ਼ਹੀਦ ਹੈਡ ਜਥੇਦਾਰ ।
੨) ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
੩) ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
੪) ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
੫) ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
੬) ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
੭) ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
੮) ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
੯) ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
੧੦) ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਜਦੋਂ ਇਸ ਲੜਾਈ ਦਾ ਹਾਲ ਬਾਬਾ ਗੁਰਬਖਸ਼ ਸਿੰਘ ਜੀ ਅਤੇ ਭਾਈ ਦਰਗਾਹ ਸਿੰਘ ਜੀ ਨੇ ਸੁਣਿਆ ਤਾਂ ਉਹ ਉਸੇ ਵੇਲੇ ਅਨੰਦਪੁਰ ਸਾਹਿਬ ਤੋਂ ਦੋ ਹਜ਼ਾਰ ਸਵਾਰ ਲੈ ਕੇ ਚੜ੍ਹ ਆਏ ਤੇ ਵੈਰੀਆਂ ਨਾਲ ਲੜਦੇ-ਭਿੜਦੇ ਅੰਮ੍ਰਿਤਸਰ ਪਹੁੰਚ ਗਏ । ਪਵਿੱਤਰ ਗੁਰ-ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਦੇਖ ਕੇ ਸਿੰਘਾਂ ਨੂੰ ਬਹੁਤ ਦੁੱਖ ਹੋਇਆ । ਉਨ੍ਹਾਂ ਨੇ ਰਾਤ ਨੂੰ ਛਾਪੇ ਮਾਰ ਕੇ ਵੈਰੀਆਂ ਦੇ ਥਾਣੇ ਤਹਿਸੀਲਾਂ ਸਭ ਸਾੜ ਦਿੱਤੇ । ਸਿੰਘਾਂ ਦੇ ਮੁਕਾਬਲੇ ਲਈ ਹੋਰ ਮੁਗਲ ਫੌਜਾਂ ਬੁਲਾ ਲਈਆਂ ਗਈਆਂ ਅਤੇ ਸਿੰਘਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦੇ ਦਿੱਤਾ । ਸ਼ਾਹ ਨਾਜਮ ਦੀਨ, ਸਰ ਬੁਲੰਦ ਖਾਂ, ਜਾਬਰ ਖਾਂ, ਜਾਲਮ ਖਾਂ ਆਦਿ ਫੌਜਦਾਰ ੨੦ ਹਜ਼ਾਰ ਲੜਾਕੇ ਪਠਾਣਾ ਨੂੰ ਲੈ ਕੇ ਮੈਦਾਨ ਵਿਚ ਆ ਗਏ । ਉਧਰ ਜਥੇਦਾਰ ਗੁਰਬਖਸ਼ ਸਿੰਘ ਜੀ ਆਦਿ ਦੁਸ਼ਮਣ ਦੀ ਚੜ੍ਹਾਈ ਸੁਣ ਕੇ ਧਰਮ ਯੁੱਧ ਲਈ ਅਰਦਾਸ ਕਰਕੇ ਸ਼ਹੀਦ ਹੋਣ ਲਈ ਤਿਆਰ ਹੋ ਬੈਠੇ । ਦਿਨ ਚੜ੍ਹਦੇ ਤਕ ਪਠਾਣਾਂ ਦੀ ਚੰਗੀ ਫੌਜ ਅੰਮ੍ਰਿਤਸਰ ਪਹੁੰਚ ਗਈ । ਅੰਮ੍ਰਿਤਸਰ ਸਰੋਵਰ ਦੇ ਪਿਛਲੇ ਪਾਸੇ ਬੜੀ ਭਿਆਨਕ ਲੜਾਈ ਹੋਈ, ਜਿਸ ਵਿਚ ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ, ਬਾਬਾ ਬਸੰਤ ਸਿੰਘ ਜੀ ਆਦਿ ਵੱਡੇ ਜਥੇਦਾਰ ਸ਼ਹੀਦ ਹੋ ਗਏ । ਦੁਰਾਨੀਆਂ ਦੀ ਫੌਜ ਪਿਛੋਂ ਹੋਰ ਆਉਂਦੀ ਗਈ ਤਾਂ ਸਿੰਘ ਬਸਰੇ ਦੇ ਜੰਗਲਾਂ ਵਲ ਚਲੇ ਗਏ ਅਤੇ ਦੁਰਾਨੀ ਮੈਦਾਨ ਖਾਲੀ

ਦੇਖ ਕੇ ਅੰਮ੍ਰਿਤਸਰ ਵਿਚ ਖੜਦੁੰਮ ਮਚਾ ਕੇ ਵਾਪਸ ਚਲੇ ਗਏ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿੱਛਲੇ ਪਾਸੇ ਬਾਬਾ ਬਸੰਤ ਸਿੰਘ ਜੀ ਦੇ ਥੜ੍ਹੇ ਦੇ ਪਾਸ ਬਾਬਾ ਗੁਰਬਖਸ਼ ਸਿੰਘ ਜੀ ਦੀ ਯਾਦਗਾਰ ਬਣੀ ਹੋਈ ਹੈ । ਇਹ ਸਥਾਨ ਹੁਣ ਅੰਮ੍ਰਿਤਸਰ ਵਿਚ ਸ਼ਹੀਦ ਗੰਜ ਦੇ ਨਾਂ ਨਾਲ ਮਸ਼ਹੂਰ ਹੈ।

ਇਸ ਜੰਗ ਵਿਚ ਭਾਵੇਂ ਬਾਬਾ ਦੀਪ ਸਿੰਘ ਜੀ ਸ਼ਹੀਦੀ ਪਾ ਗਏ ਪਰ ਉਹ ਆਪਣਾ ਪ੍ਰਣ ਨਿਭਾਉਣ ਵਿਚ ਸਫਲ ਰਹੇ । ਦੁਰਾਨੀ ਦੀਆਂ ਫੌਜਾਂ ਨੂੰ ਚੀਰਦੇ ਹੋਏ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਂਦਿਆਂ ਆਪਣਾ ਸੀਸ ਗੁਰੂ-ਚਰਨਾਂ ਵਿਚ ਭੇਟ ਕਰ ਦਿੱਤਾ :

'ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ,
ਕਦਿ ਪਸੀ ਦੀਦਾਰੁ ॥'' (ਪੰਨਾ ੧੦੯੪)

ਬਾਬਾ ਦੀਪ ਸਿੰਘ ਜੀ ਜੰਗਾਂ ਯੁੱਧਾਂ ਦੇ ਨਾਲ-ਨਾਲ ਨਾਮ-ਸਿਮਰਨ ਦੇ ਵੀ ਪੱਕੇ ਅਭਿਆਸੀ ਸਨ । ਆਪਣੇ ਹੱਥਾਂ ਨਾਲ ਗੁਰਬਾਣੀ ਲਿਖਣ ਦੀ ਸੇਵਾ ਕਰਦੇ ਹੋਏ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ । ਉਨ੍ਹਾਂ ਦਾ ਮਨ ਪੂਰੀ ਤਰ੍ਹਾਂ ਬਾਣੀ ਦੇ ਰੰਗ ਵਿਚ ਰੰਗਿਆ ਰਹਿੰਦਾ ਸੀ । ਉਹ ਆਮ ਸੰਸਾਰੀ ਯੋਧਿਆਂ ਵਾਂਗ ਹੰਕਾਰ ਵਿਚ ਜਾਂ ਕ੍ਰੋਧ ਵੱਸ ਹੋ ਕੇ ਯੁੱਧ ਨਹੀਂ ਸੀ ਕਰਦੇ । ਯੁੱਧ ਕਰਦਿਆਂ ਉਨ੍ਹਾਂ ਦੀ ਅਵਸਥਾ ਠੀਕ ਉਸੇ ਤਰ੍ਹਾਂ ਹੁੰਦੀ ਜਿਸ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ :

''ਧੰਨ ਜੀਓ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ
ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ
ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਯਾਨਹਿ ਕੀ ਬਢਨੀ
ਮਨਹੁ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ ॥''
(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

(ਸਫਾ ਨੰ. ੩੪ ਦੀ ਬਾਕੀ)

ਰਹਿੰਦਿਆਂ ਬੱਚਿਆਂ ਅੰਦਰ ਧਾਰਮਿਕ ਰੁਚੀ ਜਗਾਉਣ ਅਤੇ ਸਦਾਚਾਰਕ ਗੁਣ ਭਰਣ ਦੀ ਕੋਸ਼ਿਸ਼ ਕਰਨ ।

ਉਨ੍ਹਾਂ ਨੂੰ ਸਮਝਾਉਣ ਕਿ ਅਜੋਕੇ ਯੁੱਗ ਵਿਚ ਜੋ ਵਿਅਕਤੀ ਸਿਰਫ ਪੈਸੇ ਦੀ ਦੌੜ ਪਿੱਛੇ ਲੱਗੇ ਹਨ ਤੇ ਹੋਰ ਸਭ ਨੂੰ ਭੁੱਲ ਗਏ ਹਨ, ਸਰਾਸਰ ਗਲਤ ਹੈ । ਉਨ੍ਹਾਂ ਨੂੰ ਸਮਝਾਉਣ ਕਿ ਉਹ ਹਰ ਵੇਲੇ ਉਸ ਪਰਮਾਤਮਾ ਨੂੰ ਯਾਦ ਰੱਖਣ ਜਿਸ ਨੇ ਮਨੁੱਖਾ ਜਨਮ ਦਿੱਤਾ ਹੈ ਅਤੇ ਸਾਰੀਆਂ ਨਿਆਮਤਾਂ ਦਿੱਤੀਆਂ ਹਨ ।

'ਸੁਖ ਵੇਲੇ ਸ਼ੁਕਰਾਨਾ, ਦੁੱਖ ਵੇਲੇ ਅਰਦਾਸ, ਹਰ ਵੇਲੇ ਸਿਮਰਨ' ਗੁਰਮਤਿ ਦਾ ਹਰ ਵੇਲੇ ਲਾਹੇਵੰਦ ਸੂਤਰ ਹੈ ।

ਅੱਜ ਹਰ ਵਿਅਕਤੀ ਅਮੀਰ ਬਣਨਾ ਚਾਹੁੰਦਾ ਹੈ ਅਤੇ ਧਨ ਇਕੱਠਾ ਕਰਨਾ ਚਾਹੁੰਦਾ ਹੈ, ਭਾਵੇਂ ਜਿਹੜੇ ਤਰੀਕੇ ਮਰਜ਼ੀ ਵਰਤੇ । ਬੱਚਿਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ ਕਿ ਉਸ ਵਾਹਿਗੁਰੂ ਤੇ ਭਰੋਸਾ ਰੱਖਣਾ ਚਾਹੀਦਾ ਹੈ, ਜਿੱਥੇ ਉਹ ਰੱਖੇ, ਖੁਸ਼ ਰਹਿਣਾ ਚਾਹੀਦਾ ਹੈ, ਬਹੁਤੀਆਂ ਉਚੀਆਂ ਖਾਹਿਸ਼ਾਂ ਨੂੰ ਤਰਜੀਹ ਨਾ ਦੇ ਕੇ ਸੁਖੀ ਪਰਵਾਰ ਅਤੇ ਚੰਗਾ ਜੀਵਨ ਬਤੀਤ ਕਰਨ ਲਈ ਬਜ਼ੁਰਗਾਂ ਅਤੇ ਨੌਜਵਾਨਾਂ ਨੂੰ ਆਪਣੇ-ਆਪਣੇ ਫਰਜ਼ ਬਾਖੂਬੀ ਨਿਭਾਉਣੇ ਚਾਹੀਦੇ ਹਨ ।

# ਕਾਹੇ ਪੂਤ ਝਗਰਤ ਹਉ............

-ਮੇਜਰ ਭਗਵੰਤ ਸਿੰਘ

ਪਰਵਾਰ ਵਿਚ ਮਾਤਾ ਪਿਤਾ ਦਾ ਮੁੱਖ ਰੋਲ ਹੈ ਜੋ ਬੱਚਿਆਂ ਨੂੰ ਹਰ ਇਕ ਕੰਮ ਵਿਚ ਸਹਾਇਤਾ ਕਰਦੇ ਹਨ । ਮਾਂ ਗਰਭ ਦੇ ਦਿਨ ਕਾਫੀ ਮੁਸ਼ਕਲ ਨਾਲ ਕੱਟਦੀ ਹੈ । ਬਾਅਦ ਵਿਚ ਮਾਤਾ-ਪਿਤਾ ਬੱਚੇ ਦੇ ਪਾਲਣ-ਪੋਸ਼ਣ, ਪੜ੍ਹਾਈ ਕਰਾਉਣ, ਨੌਕਰੀ ਅਤੇ ਵਿਆਹ ਦਾ ਪ੍ਰਬੰਧ ਕਰਦੇ ਹਨ । ਜਿਸ ਤਰ੍ਹਾਂ ਵੀ ਹੋਵੇ ਆਪ ਔਖੇ-ਸੌਖੇ ਹੋ ਕੇ ਬੱਚਿਆਂ ਨੂੰ ਹਰ ਪੱਖੋਂ ਖੁਸ਼ ਰੱਖਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਇਹ ਸੁਖੀ ਰਹਿਣ ਤੇ ਸੁਚੇਤ ਜਾਂ ਅਚੇਤ ਤੌਰ ਤੇ ਉਨ੍ਹਾਂ ਦੇ ਮਨ ਵਿਚ ਇਹ ਆਸ ਹੁੰਦੀ ਹੈ ਕਿ ਬੁਢਾਪੇ ਵਿਚ ਉਨ੍ਹਾਂ ਦੇ ਬੱਚੇ ਉਨ੍ਹਾਂ ਦਾ ਸਹਾਰਾ ਬਣ ਸਕਣ । ਇਕ ਪਿਤਾ ਚਾਰ-ਪੰਜ ਬੱਚਿਆਂ ਦਾ ਪਾਲਣ ਪੋਸ਼ਣ ਬੜੇ ਪ੍ਰੇਮ ਨਾਲ ਕਰਦਾ ਹੈ ਪਰ ਇਕ ਬੱਚਾ ਆਪਣੇ ਬਿਰਧ ਮਾਤਾ-ਪਿਤਾ ਨੂੰ ਚੰਗੀ ਤਰ੍ਹਾਂ ਸੰਭਾਲ ਨਹੀਂ ਸਕਦਾ ਬਲਕਿ ਇਕ ਬੋਝ ਜਿਹਾ ਸਮਝਦਾ ਹੈ । ਇਹ ਕਿਉਂ ?

ਅੱਜ ਦਾ ਬੱਚਾ ਜਦ ਵਿਆਹਿਆ ਜਾਂਦਾ ਹੈ ਤਾਂ ਚਾਹੁੰਦਾ ਹੈ ਕਿ ਉਸ ਦੇ ਕੰਮ ਵਿਚ ਕੋਈ ਦਖਲ ਨਾ ਦੇਵੇ । ਉਹ ਆਪਣੇ ਆਪ ਨੂੰ ਬਹੁਤ ਸਿਆਣਾ ਸਮਝਦਾ ਹੈ । ਮਾਤਾ-ਪਿਤਾ ਜਿਨ੍ਹਾਂ ਨੂੰ ਜ਼ਿੰਦਗੀ ਦਾ ਕਾਫੀ ਤਜ਼ਰਬਾ ਹੁੰਦਾ ਹੈ ਅਤੇ ਉਹ ਤਜ਼ਰਬਾ ਆਪਣੇ ਬੱਚਿਆਂ ਦੇ ਹਿਤ ਵਾਸਤੇ ਪੇਸ਼ ਕਰਦੇ ਹਨ, ਉਨ੍ਹਾਂ ਤੋਂ ਸਲਾਹ ਲੈਣ ਤੋਂ ਸੰਕੋਚ ਕਰਦਾ ਹੈ ਜੋ ਸਰਾਸਰ ਗਲਤ ਹੈ ।

ਬੱਚੇ ਬਾਹਰ ਵਿਖਾਵੇ ਲਈ ਸੇਵਾ ਕਰਦੇ ਹਨ ਪਰ ਘਰ ਬਜ਼ੁਰਗ ਮਾਂ-ਬਾਪ ਦੀ ਇੱਜ਼ਤ ਕਰਕੇ ਰਾਜ਼ੀ ਨਹੀਂ ਹਨ । ਅਜੋਕੇ ਸਮੇਂ ਦੀ ਸਥਿਤੀ ਵਿਚ ਕਾਫੀ ਪਰਿਵਰਤਨ ਆ ਗਿਆ ਹੈ ਕਿ ਬਿਰਧ ਮਾਂ-ਬਾਪ ਨੂੰ ਬਿਰਧ ਘਰ ਵਿਚ ਭੇਜਣ ਵਿਚ ਵੀ ਕੋਈ ਝਿਜਕ ਮਹਿਸੂਸ ਨਹੀਂ ਕਰਦੇ । ਅਸਲ ਵਿਚ ਲੜਕੇ ਨੂੰ ਵਿਆਹ ਤੋਂ ਬਅਦ ਸੋਚਣਾ ਚਾਹੀਦਾ ਹੈ ਕਿ ਵਹੁਟੀ ਅਤੇ ਸਹੁਰੇ ਪਰਵਾਰ ਸਾਹਮਣੇ ਆਪਣੇ ਮਾਤਾ-ਪਿਤਾ ਦੀ ਪੂਰੀ-ਪੂਰੀ ਇੱਜ਼ਤ ਕਰੇ ਅਤੇ ਕਦੀ ਵੀ ਉਨ੍ਹਾਂ ਨੂੰ ਰੁੱਖਾ ਨਹੀਂ ਬੋਲਣਾ ਚਾਹੀਦਾ ਤਾਂ ਜੋ ਨੂੰਹ ਨੂੰ ਸਮਝ ਆ ਜਾਵੇ ਕਿ ਸੱਸ-ਸਹੁਰੇ ਦੀ ਇੱਜ਼ਤ ਕਰਨ ਨਾਲ ਪਤੀ ਖੁਸ਼ ਹੋਵੇਗਾ ।

ਜੇਕਰ ਬੱਚੇ ਨੂੰ ਸ਼ੁਰੂ ਤੋਂ ਐਸੀ ਸਿੱਖਿਆ ਦਿੱਤੀ ਜਾਵੇ ਕਿ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਨਿਤਨੇਮ ਕਰੇ ਅਤੇ ਉਸ ਪਰਮਾਤਮਾ ਨੂੰ ਯਾਦ ਕਰੇ ਜਿਸ ਨੇ ਮਨੁੱਖਾ ਜਨਮ ਦਿੱਤਾ ਹੈ ਅਤੇ ਸਾਰੀ ਸ੍ਰਿਸ਼ਟੀ ਸਾਜੀ ਹੈ ਅਤੇ ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਗੁਰੂ ਸਾਹਿਬਾਨ ਦੀਆਂ ਪ੍ਰੇਰਨਾਦਾਇਕ ਸਾਖੀਆਂ ਬੱਚਿਆਂ ਨੂੰ ਸੁਣਾਉਣ । ਇਸ ਦਾ ਚੰਗਾ ਅਸਰ ਹੋਵੇਗਾ ।

ਅੱਜ ਬੱਚੇ ਬੜੇ ਧਿਆਨ ਨਾਲ ਮਾਤਾ-ਪਿਤਾ ਨੂੰ ਅਤੇ ਉਨ੍ਹਾਂ ਦੇ ਕਿਰਦਾਰ ਨੂੰ ਦੇਖਦੇ ਹਨ । ਮਾਤਾ-ਪਿਤਾ ਨੂੰ ਵੀ ਚਾਹੀਦਾ ਹੈ ਕਿ ਉਹ ਸੱਚ ਬੋਲਣ, ਹਰ ਇਕ ਨਾਲ ਪਿਆਰ-ਸਤਿਕਾਰ ਨਾਲ ਗੱਲਬਾਤ ਕਰਨ ਅਤੇ ਗੁਰੂ ਦੀ ਸਿੱਖਿਆ ਤੇ ਚਲਣ । ਉਨ੍ਹਾਂ ਦੀ ਕਹਿਣੀ ਤੇ ਕਥਨੀ ਵਿਚ ਫਰਕ ਨਹੀਂ ਹੋਣਾ ਚਾਹੀਦਾ। ਗੁਰੂ ਦੇ ਨਾਮ ਲੇਵਾ ਸਿੱਖ ਨੂੰ ਹਰ ਰੋਜ਼

੭/੨, ਰਾਣੀ ਕਾ ਬਾਗ, ਨੇੜੇ ਸਟੇਟ ਬੈਂਕ ਆਫ ਇੰਡੀਆ, ਅੰਮ੍ਰਿਤਸਰ (ਪੰਜਾਬ)

ਗੁਰਦੁਆਰੇ ਜਾਣ ਦਾ ਨਿਯਮ ਅਪਨਾਉਣਾ ਜ਼ਰੂਰੀ ਹੈ, ਪਰ ਇਸ ਦੇ ਨਾਲ ਨਾਲ ਆਪਣੇ ਸੁਭਾਅ ਵਿਚ ਮਿਠਾਸ ਲਿਆਉਣਾ, ਗਰੀਬਾਂ ਪ੍ਰਤੀ ਦਇਆ ਕਰਨਾ ਅਤੇ ਆਪਣੇ ਚਰਿੱਤਰ ਨੂੰ ਚੰਗਾ ਰੱਖਣਾ ਹੋਵੇਗਾ, ਨਹੀਂ ਤਾਂ ਇਸ ਦਾ ਅਸਰ ਬੱਚਿਆਂ ਉਪਰ ਮਾੜਾ ਪਵੇਗਾ । ਅਸੀਂ ਬੱਚਿਆਂ ਨੂੰ ਨਸ਼ਿਆਂ ਤੋਂ ਤਦ ਹੀ ਬਚਾ ਸਕਾਂਗੇ ਜੇ ਆਪ ਸ਼ਰਾਬ ਵਰਗੇ ਨਸ਼ਿਆਂ ਤੋਂ ਬਚੇ ਹੋਵਾਂਗੇ । ਆਪਣਾ ਚਰਿੱਤਰ ਹਰ ਹਾਲਤ ਵਿਚ ਬੇਦਾਗ ਰੱਖਣਾ ਪਵੇਗਾ । ਲੜਕੀ ਦੇ ਮਾਤਾ-ਪਿਤਾ ਅਗਰ ਆਪਣੀ ਬੱਚੀ ਨੂੰ ਵਿਆਹ ਤੋਂ ਪਹਿਲਾਂ ਇਹ ਸਮਝਾ ਕੇ ਭੇਜਣ ਕਿ ਸੱਸ-ਸਹੁਰੇ ਨੂੰ ਆਪਣੇ ਮਾਤਾ-ਪਿਤਾ ਦੇ ਸਮਾਨ ਸਮਝਣਾ ਹੈ ਤਾਂ ਇਹੋ-ਜਿਹੀ ਨੌਬਤ ਕਦੇ ਵੀ ਨਹੀਂ ਆ ਸਕਦੀ ਕਿ ਬੁਢੇਪੇ ਵਿਚ ਮਾਤਾ-ਪਿਤਾ ਦੀ ਸੇਵਾ ਨਾ ਕਰਨ ।

ਗੁਰਮਤਿ ਦੇ ਧਾਰਨੀ ਘਰਾਂ ਵਿਚ ਬੱਚੇ ਮਾਤਾ-ਪਿਤਾ ਦੀ ਆਗਿਆ ਵਿਚ ਰਹਿੰਦੇ ਹਨ । ਉਨ੍ਹਾਂ ਦਾ ਹੁਕਮ ਮੰਨਦੇ ਹਨ ਤੇ ਸਲਾਹ ਨਾਲ ਕੰਮ ਕਰਦੇ ਹਨ । ਉਹ ਹਮੇਸ਼ਾਂ ਬਜ਼ੁਰਗਾਂ ਨਾਲ ਮਿੱਠਾ ਬੋਲਦੇ ਹਨ ਅਤੇ ਉਨ੍ਹਾਂ ਨੂੰ ਹਮੇਸ਼ਾਂ ਖੁਸ਼ ਰੱਖਦੇ ਹਨ । ਮਾਤਾ-ਪਿਤਾ ਦੀ ਦਿਲੋਂ ਸੇਵਾ ਤੀਰਥਾਂ ਤੇ ਜਾਣ ਨਾਲੋਂ ਚੰਗੀ ਹੈ । ਮਾਤਾ-ਪਿਤਾ ਦੀ ਅਸੀਸ ਬਹੁਤ ਚੰਗੀ ਹੁੰਦੀ ਹੈ ।

ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤ ਮਾਰਤੰਡ ਗ੍ਰੰਥ' ਵਿਚ ਲਿਖਦੇ ਹਨ ਕਿ ਸੰਤਾਨ ਦਾ ਧਰਮ ਹੈ ਕਿ ਮਾਤਾ ਪਿਤਾ ਨੂੰ ਦੇਵਤਾ ਸਰੂਪ ਜਾਣ ਕੇ ਸੇਵਾ ਕਰੇ ਅਤੇ ਆਗਿਆ ਪਾਲਣ ਕਰਕੇ ਉਨ੍ਹਾਂ ਦੀ ਆਤਮਾ ਨੂੰ ਪ੍ਰਸੰਨ ਕਰੇ । ਭਗਤ ਕਬੀਰ ਜੀ ਤਾਂ ਇਥੋਂ ਤਕ ਕਥਨ ਕਰਦੇ ਹਨ ਕਿ ਵਿਦਵਾਨ ਤੇ ਬਿਬੇਕੀ ਸੰਤਾਨ ਤੋਂ ਬਿਨਾਂ ਨਾਲਾਇਕ ਔਲਾਦ ਦਾ ਨਾ ਹੋਣਾ ਹੀ ਅੱਛਾ ਹੈ :

''ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥
ਬਿਧਵਾ ਕਸ ਨ ਭਈ ਮਹਤਾਰੀ ॥''
(ਪੰਨਾ ੩੨੮)

ਸ੍ਰੀ ਗੁਰੂ ਰਾਮਦਾਸ ਜੀ ਕਥਨ ਕਰਦੇ ਹਨ ਕਿ ਸਪੁੱਤਰ ਉਹ ਨਹੀਂ ਹੈ ਜੋ ਪਿਤਾ ਨਾਲ ਵਿਵਾਦ ਕਰੇ, ਝਗੜਾ ਕਰੇ, ਸਗੋਂ ਸਪੁੱਤਰ ਉਹ ਹੈ, ਜੋ ਪਿਤਾ ਨੂੰ ਯੋਗ ਸਤਿਕਾਰ ਦੇਣ ਤੋਂ ਨਾ ਉੱਕੇ :

''ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥੧॥ਰਹਾਉ॥''
(ਪੰਨਾ ੧੨੦੦)

ਪਰ ਅਫਸੋਸ ਹੈ ਕਿ ਉਨ੍ਹਾਂ ਵਿਅਕਤੀਆਂ ਤੇ ਜੋ ਮਾਤਾ-ਪਿਤਾ ਦੀ ਸੇਵਾ ਨਹੀਂ ਕਰਦੇ ਅਤੇ ਉਨ੍ਹਾਂ ਦੇ ਮਰਨ ਪਿਛੋਂ ਲੋਕਾਚਾਰੀ ਕਰਕੇ ਲੰਗਰ ਲਾਉਂਦੇ ਹਨ :

''ਜੀਵਤ ਪਿਤਰ ਨ ਮਾਨੈ ਕੋਊ
ਮੂਏਂ ਸਿਰਾਧ ਕਰਾਹੀ ॥'' (ਪੰਨਾ ੩੩੨)

ਜਿਸ ਵਿਅਕਤੀ ਵਿਚ ਅੰਦਰੋਂ ਮਾਤਾ-ਪਿਤਾ ਲਈ ਪਿਆਰ ਦੀ ਕੁਦਰਤੀ ਖਿੱਚ ਨਹੀਂ ਉਹ ਜੋ ਵੀ ਕਰਮ ਕਰਦਾ ਹੈ ਹਉਮੈ ਦੇ ਕਾਰਨ ਕਰਦਾ ਹੈ । ਹਉਮੈ ਦੇ ਕਾਰਨ ਕਰਮ ਨਿਸਫਲ ਹੀ ਜਾਂਦੇ ਹਨ ।

ਇਸ ਬਾਰੇ ਭਾਈ ਗੁਰਦਾਸ ਜੀ ਇਉਂ ਕਹਿੰਦੇ ਹਨ : ਮਾਂ-ਪਿਉ ਦੀ ਸੇਵਾ ਕਰਨਾ ਪੁੱਤਰ ਦਾ ਫਰਜ਼ ਬਣਦਾ ਹੈ । ਜੇਕਰ ਪਰਵਾਰ ਵਿਚ ਹੀ ਝਗੜੇ ਪੈ ਜਾਣ ਤਾਂ ਦੇਸ਼ ਅਤੇ ਕੌਮ ਦੀ ਭਲਾਈ ਲਈ ਸੋਚਣਾ ਸੰਭਵ ਹੀ ਨਹੀਂ । ਪੁੱਤਰਾਂ ਅਤੇ ਨੂੰਹਾਂ ਨੂੰ ਚਾਹੀਦਾ ਹੈ ਕਿ ਉਹ ਬਜ਼ੁਰਗਾਂ ਦਾ ਪੂਰਾ-ਪੂਰਾ ਸਤਿਕਾਰ ਕਰਨ । ਬਾਹਰ ਤੀਰਥਾਂ ਤੇ ਭੱਜਣ ਨਾਲੋਂ ਮਾਤਾ-ਪਿਤਾ ਦੀ ਸੇਵਾ ਉਤਮ ਹੈ । ਅਜੋਕੇ ਯੁੱਗ ਵਿਚ ਜ਼ਰੂਰੀ ਹੋ ਗਿਆ ਹੈ ਕਿ ਮਾਤਾ-ਪਿਤਾ ਵੀ ਅਣਗਹਿਲੀ ਨਾ ਕਰਨ ਅਤੇ ਸਮਾਂ

(ਬਾਕੀ ਸਫਾ ਨੰ. ੩੨ ਤੇ ਪੜ੍ਹੋ ਜੀ)

# ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ
# ਅਬਿਚਲਨਗਰ ਸਾਹਿਬ, ਨਾਂਦੇੜ
## ਚਿੱਠਾ ਆਮਦਨ-ਖਰਚ ਮਹੀਨਾ ਅਕਤੂਬਰ-੨੦੦੯

| ਨੰ. | ਖਾਤਾ | ਆਮਦਨ | ਖਰਚ |
|---|---|---|---|
| ੧) | ਐਡਵਰਟਾਈਜਮੈਂਟ | - | ੨੦੦੪੫-੦੦ |
| ੨) | ਅਖੰਡ ਪਾਠ | ੧੩੭੩੨੩੦-੦੦ | ੭੪੫੪੦੦-੦੦ |
| ੩) | ਐਬੂਲੰਸ | ੪੮੬੪-੦੦ | ੪੦੯੧-੬੧ |
| ੪) | ਆਡਿਟ ਫੀਸ | - | - |
| ੫) | ਬਿਹੰਗਮ ਫੰਡ | - | ੧੫੪੦-੦੦ |
| ੬) | ਬੈਂਕ ਚਾਰਜਸ | - | - |
| ੭) | ਬਿਲਡਿੰਗ ਫੰਡ | ੨੭੨੯੫੨੩-੦੦ | ੩੦੫੨੮੬੬-੦੦ |
| ੮) | ਸੀ.ਐਮ.ਡੀ. | - | ੩੨੫੦-੦੦ |
| ੯) | ਕੰਪਿਊਟਰ | - | ੯੫੦-੦੦ |
| ੧੦) | ਡਿਪਾਜੀਟ (ਅਮਾਨਤ) | ੧੫੧੦੭੨-੦੦ | ੬੯੮੧੧-੦੦ |
| ੧੧) | ਧਰਮ ਪ੍ਰਚਾਰ | ੨੩੫੬੮੩-੦੦ | ੩੦੧੧੬੦-੮੭ |
| ੧੨) | ਐਜੂਕੇਸ਼ਨ ਫੰਡ | ੧੫੩੦੦੦-੦੦ | ੬੧੬੫-੦੦ |
| ੧੩) | ਈ.ਪੀ.ਐਫ. (ਕਰਮਚਾਰੀ ਸ਼ੇਅਰ) | - | ੫੬੪੯੬੦-੦੦ |
| ੧੪) | ਬਿਜਲੀ | ੧੮੬੨੮੧-੦੦ | ੧੭੬੯੬੮-੦੦ |
| ੧੫) | ਫੈਸਟੀਵਲ | - | ੪੨੫੭੭੧-੦੦ |
| ੧੬) | ਕੋਰਟ ਫੀਸ | - | - |
| ੧੭) | ਗੋਲਕ | ੫੪੯੧੩੫੦-੦੦ | - |
| ੧੮) | ਗ੍ਰੈਜੂਇਟੀ | - | - |
| ੧੯) | ਗੁਰ: ਬੰਦਾਘਾਟ ਸਾਹਿਬ | ੧੦੭੭੮੬-੦੦ | ੨੮੦੧੯-੦੦ |
| ੨੦) | ਗੁਰ: ਬਸਮਤਨਗਰ ਸਾਹਿਬ | ੯੯੧੧੩-੦੦ | ੧੦੧੧੩-੦੦ |
| ੨੧) | ਗੁਰ: ਭਜਨਗੜ੍ਹ ਸਾਹਿਬ | ੬੩੪੬੭-੦੦ | - |
| ੨੨) | ਗੁਰ: ਬਾਉਲੀ ਸਾਹਿਬ | ੪੪੫੬੮-੦੦ | ੧੬੦੧੦-੦੦ |
| ੨੩) | ਗੁਰ: ਹੀਰਾ ਘਾਟ ਸਾਹਿਬ | ੨੧੮੯੧੦-੦੦ | ੧੦੯੬੪-੦੦ |
| ੨੪) | ਗੁਰ: ਗੋਬਿੰਦਬਾਗ ਸਾਹਿਬ | - | ੩੯੨੭੬੩੦-੦੦ |
| ੨੫) | ਗੁਰ: ਮਾਲਟੇਕੜੀ ਸਾਹਿਬ | ੧੪੭੧੩੭-੦੦ | ੧੯੪੦-੦੦ |
| ੨੬) | ਗੁਰ: ਨਗੀਨਾਘਾਟ ਸਾਹਿਬ | ੧੩੦੦੯੭-੦੦ | ੨੫੫੮੦-੦੦ |
| ੨੭) | ਗੁਰ: ਮਹਾਕਾਲ ਸਾਹਿਬ | ੩੫੮੨-੦੦ | ੨੯੫੫-੦੦ |
| ੨੮) | ਗੁਰ: ਸੰਗਤ ਸਾਹਿਬ | ੧੫੨੬੪੩-੦੦ | ੩੯੦-੦੦ |
| ੨੯) | ਗੁਰ: ਸ਼ਿਕਾਰਘਾਟ ਸਾਹਿਬ | ੨੬੦੨੨੧-੦੦ | ੪੧੬੭-੦੦ |

| | | | |
|---|---|---|---|
| ੩੦) | ਗੁਰਪੂਰਬ ਦੂਜ | – | ੧੭੮੭੫-੦੦ |
| ੩੧) | ਰਾਮਗੜ੍ਹੀਆ ਨਿਵਾਸ | ੨੦੭੨੦੭-੦੦ | ੪੪੫੧੩੩-੦੦ |
| ੩੨) | Honarirum | – | ੧੬੪੯੬੦-੦੦ |
| ੩੩) | ਹਸਪਤਾਲ | ੭੧੯੯੫-੦੦ | ੪੦੫੮੮੯-੦੦ |
| ੩੪) | ਹਾਸਟਲ ਨਾਂਦੇੜ | – | ੪੯੦੬-੦੦ |
| ੩੫) | ਹਾਸਟਲ ਹੈਦ੍ਰਾਬਾਦ | – | – |
| ੩੬) | ਇਨਕਮ ਟੈਕਸ | ੧੭੮੬੫੦-੦੦ | ੮੩੦੩੮੧੩-੦੦ |
| ੩੭) | ਸੂਦ | ੨੮੬੬੫੫੪-੦੦ | – |
| ੩੮) | ਆਈ.ਟੀ.ਆਈ. | ੧੧੪੪੦-੦੦ | ੭੪੫੭੮੧-੦੦ |
| ੩੯) | ਖੇਤੀ ਬਾਸਰੀ | – | – |
| ੪੦) | ਖੇਤੀ ਬਾਉਲੀ | – | – |
| ੪੧) | ਖੇਤੀ ਬ੍ਰਾਹਮਣਵਾੜਾ | – | – |
| ੪੨) | ਖੇਤੀ ਦਾਬੜ | ੩੪੨੨੩-੦੦ | ੨੭੯੭੦-੦੦ |
| ੪੩) | ਖੇਤੀ ਲਾਵਨੀ | – | – |
| ੪੪) | ਖੇਤੀ ਮੱਲ੍ਹੀ | – | ੩੭੯੩੭-੨੨ |
| ੪੫) | ਖੇਤੀ ਸੰਗਤ ਸਾਹਿਬ | – | – |
| ੪੬) | ਖੇਤੀ ਪੋਹਰਾਦੇਵੀ | ੧੦੦੦-੦੦ | – |
| ੪੭) | ਖੇਤੀ ਵਿਸ਼ਨੂੰਪੁਰੀ | – | – |
| ੪੮) | ਲੰਗਰ | ੮੩੧੧੪੭੮-੩੦ | ੭੭੪੩੨੨-੨੫ |
| ੪੯) | ਲਾਇਬ੍ਰੇਰੀ | – | ੩੮੫੪-੦੦ |
| ੫੦) | ਮੇਨਟੈਨੈਂਨਸ | – | ੩੧੦੪-੦੦ |
| ੫੧) | ਮੈਨੇਜਮੈਂਟ | – | ੭੩੧੧-੦੦ |
| ੫੨) | ਸਾਮੂਹਿਕ ਵਿਵਾਹ ਮੇਲਾਵਾ | ੮੮੦੦-੦੦ | – |
| ੫੩) | ਮੈਡੀਕਲ ਸਪੋਰਟਸ ਅਤੇ ਹੋਰ ਸਹਾਇਤਾ | ੧੦੦੦੦-੦੦ | ੨੮੬੦੦-੦੦ |
| ੫੪) | Misc.Expences | – | ੪੬੦-੦੦ |
| ੫੫) | ਮੋਟਰ ਟੈਕਸ ਅਤੇ ਇੰਸ਼ੋਰੈਸ਼ | – | ੬੬੧੦-੦੦ |
| ੫੬) | ਮੋਟਰ ਵਹੀਕਲ | ੧੩੩੦੦-੦੦ | ੮੬੯੧੩-੧੦ |
| ੫੭) | ਨਿਸ਼ਾਨ ਸਾਹਿਬ | ੩੬੬੧੪-੦੦ | ੪੦੨੪੨-੦੦ |
| ੫੮) | ਡਾਕ ਖਰਚ | – | ੫੭੧੩-੦੦ |
| ੫੯) | ਪ੍ਰਸ਼ਾਦਿ | ੧੮੯੨੧੪੨-੦੦ | ੮੮੩੫੮-੦੦ |
| ੬੦) | ਪ੍ਰਿੰਟਿੰਗ ਪ੍ਰੈਸ | – | ੭੨੬੧੧-੦੦ |
| ੬੧) | ਪ੍ਰਾਪਰਟੀ ਟੈਕਸ | ੨੧੪੦੭-੦੦ | – |
| ੬੨) | ਪੂਜਾ ਪਾਠ | – | ੨੦੪੦-੦੦ |
| ੬੩) | ਕਿਰਾਇਆ | ੯੫੩੨੦੯-੦੦ | – |
| ੬੪) | ਸੱਚਖੰਡ ਪੱਤਰ | ੮੨੫੦੩-੦੦ | ੬੦੦੯੬-੦੦ |
| ੬੫) | ਸਹਿਜਪਾਠ | ੭੩੭੦੦-੦੦ | ੩੦੦-੦੦ |
| ੬੬) | ਤਨਖਾਹ | ੨੪੮੨੮-੦੦ | ੬੨੯੧੬੬੩-੦੦ |
| ੬੭) | ਸੇਲਸ ਆਫ ਔਲਡ ਸਟਾਕ | – | – |
| ੬੮) | ਸਪਤਾਹ ਪਾਠ | ੩੯੦੦-੦੦ | – |
| ੬੯) | ਸਕਾਲਰਸ਼ਿਪ | – | ੪੪੭੬੭੦-੦੦ |

| | | | |
|---|---|---|---|
| ੭੦) | ਸਿਕਿਊਰਟੀ ਡਿਪਾਜ਼ਿਟ | ੩੦੧੧੪੮-੦੦ | - |
| ੭੧) | ਸ਼ਬਦ-ਭੇਟਾ | ੪੨੨੨੪-੦੦ | ੧੩੧੮੩-੦੦ |
| ੭੨) | ਸ਼ਾਪ ਡਿਪਾਜ਼ਿਟ | ੧੨੨੫੦੦੦-੦੦ | ੨੯੫੦੦੦-੦੦ |
| ੭੩) | ਅਸਤਬਲ | ੩੧੦੮੭੧-੦੦ | ੯੦੦-੦੦ |
| ੭੪) | ਸਟੇਸ਼ਨਰੀ | - | ੪੪੨੬-੦੦ |
| ੭੫) | ਸਟੋਰ ਬਰਤਨ ਅਤੇ ਹਾਰਡਵੇਅਰ | ੧੧੦੦-੦੦ | ੬੫੬੬੪-੦੦ |
| ੭੬) | ਸਟੋਰ ਇਲੈਕਟ੍ਰਿਕ | - | ੯੫੬੦੮--੦੦ |
| ੭੭) | ਸਟੋਰ ਜਨਰਲ | ੯੩੨੪੧-੦੦ | ੪੯੮੮੬-੦੦ |
| ੭੮) | ਸਿਰੋਪਾਓ | - | - |
| ੭੯) | ਟੀ.ਏ. ਡੀ.ਏ. | - | ੧੨੬੯੬-੦੦ |
| ੮੦) | ਟੈਲੀਫੋਨ | ੨੭੮੦-੦੦ | ੧੮੮੪੬-੫੪ |
| ੮੧) | ਮਿਊਜ਼ੀਅਮ | - | - |
| ੮੨) | ੩੦੦ ਸਾਲਾ | ੪੫੯੬੨੫-੦੦ | ੬੧੬੪੯੬੩-੭੬ |
| ੮੩) | ਟ੍ਰੈਕਟਰ | ੧੭੫੦-੦੦ | ੨੫੦-੦੦ |
| ੮੪) | ਜੁਰਮਾਨਾ | ੫੧੯੯-੦੦ | - |
| ੮੫) | ਈ.ਪੀ.ਐਫ. ਐਡਵਾਂਸ ਰਿਕਵਰੀ | ੧੩੪੧੭੧-੦੦ | - |
| ੮੬) | ਜੀ.ਪੀ.ਐਫ. ਐਫ.ਡੀ.ਆਰ. | ੧੨੧੩੯-੦੦ | - |
| ੮੭) | ਅਡਵਾਂਸ | ੫੬੨੯੬੩੧-੯੪ | ੨੨੯੭੯੦੩-੦੦ |
| ੮੮) | ਪਰਾਪਰਟੀ ਇੰਨਸ਼ੋਰੈਂਸ | - | - |
| ੮੯) | **Trust Fund & Corpus** | - | - |
| ੯੦) | ਬ੍ਰਿਧਆਸ਼ਰਮ | ੯੧੦੦-੦੦ | ੫੦੬੮-੦੦ |
| ੯੧) | ਡ੍ਰੈਸ ਫੰਡ | - | ੧੦੭੧੭੪-੦੦ |
| | ਜੋੜ : | ੩੪੫੮੩੪੫੭-੨੪ | ੩੬੬੦੬੪੪੬-੩੫ |
| ੯੨) | ਐਫ.ਡੀ.ਆਰ. ਮੁਰਾਦਮੰਦ | ੧੪੩੨੦੦-੦੦ | ੯੧੧੧੦੦-੦੦ |
| ੯੩) | ਐਫ.ਡੀ.ਆਰ. ਗੁਰਦੁਆਰਾ ਸਾਹਿਬ | ੧੨੦੩੦੬੩੪-੦੦ | ੪੨੪੯੭੧੬੩-੦੦ |
| ੯੪) | **Salary Deductions** | ੧੬੦੭੫੭੧-੦੦ | ੧੭੦੪੮੨੯-੦੦ |
| ੯੫) | ਬੈਂਕ **Transactions** | ੫੫੪੩੬੫੦੮-੦੦ | ੨੧੯੬੮੪੧੫-੩੦ |
| | ਉਪਨਿੰਗ ਅਤੇ ਕਲੋਜ਼ਿੰਗ ਬੈਲੈਂਸ | ੧੮੨੨੦੮-੭੫ | ੨੯੫੬੨੫-੩੪ |
| | ਕੁੱਲ ਜੋੜ : | ੧੦੩੯੮੩੫੭੮-੯੯ | ੧੦੩੯੮੩੫੭੮-੯੯ |

*ਸਹੀ/-*
ਅਕਾਊਂਟੈਂਟ

*ਸਹੀ/-*
ਸੁਪ੍ਰਿੰਟੈਂਡੈਂਟ

# ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਚਿੱਠਾ ਆਮਦਨ-ਖਰਚ ਮਹੀਨਾ ਨਵੰਬਰ-੨੦੦੯

| ਨੰ. | ਖਾਤਾ | ਆਮਦਨ | ਖਰਚ |
|---|---|---|---|
| ੧) | ਐਡਵਰਟਾਈਜਮੈਂਟ | - | ੨੫੦੪੬-੦੦ |
| ੨) | ਅਖੰਡ ਪਾਠ | ੧੩੦੨੨੭੩-੦੦ | ੭੫੨੭੯੭-੦੦ |
| ੩) | ਐਬੂਲੰਸ | ੨੦੬੮-੦੦ | ੭੯੮੦-੮੫ |
| ੪) | ਆਡਿਟ ਫੀਸ | - | ੫੦੦੦-੦੦ |
| ੫) | ਬਿਹੰਗਮ ਫੰਡ | - | ੧੩੧੩-੦੦ |
| ੬) | ਬੈਂਕ ਚਾਰਜਸ | - | - |
| ੭) | ਬਿਲਡਿੰਗ ਫੰਡ | ੨੦੩੪੬੪੩-੦੦ | ੧੬੨੯੧੩੮-੦੦ |
| ੮) | ਸੀ.ਐਮ.ਡੀ. | - | ੧੫੦੦-੦੦ |
| ੯) | ਕੰਪਿਊਟਰ | - | ੩੮੪੧੫-੦੦ |
| ੧੦) | ਡਿਪਾਜੀਟ (ਅਮਾਨਤ) | ੧੧੪੬੧੫-੦੦ | ੧੦੫੪੭੯-੦੦ |
| ੧੧) | ਧਰਮ ਪ੍ਰਚਾਰ | ੧੭੫੩੧੩-੦੦ | ੩੧੯੩੨੯-੪੨ |
| ੧੨) | ਐਜੂਕੇਸ਼ਨ ਫੰਡ | ੪੦੦੦੦-੦੦ | ੧੭੨੧੩-੦੦ |
| ੧੩) | ਈ.ਪੀ.ਐਫ. (ਕਰਮਚਾਰੀ ਸ਼ੇਅਰ) | - | ੫੯੨੫੯੭-੦੦ |
| ੧੪) | ਬਿਜਲੀ | - | ੩੨੭੭੯੭੦-੦੦ |
| ੧੫) | ਫੈਸਟੀਵਲ | ੫੦੨੩-੦੦ | ੪੨੩੬੩੯-੦੦ |
| ੧੬) | ਕੋਰਟ ਫੀਸ | - | ੫੩੭੬੪-੦੦ |
| ੧੭) | ਗੋਲਕ | ੨੮੮੦੪੪੧-੦੦ | - |
| ੧੮) | ਗ੍ਰੈਜੂਇਟੀ | - | ੧੬੪੪੦੦-੦੦ |
| ੧੯) | ਗੁਰ: ਬੰਦਾਘਾਟ ਸਾਹਿਬ | ੩੧੯੫੫-੦੦ | ੨੧੮੩੯-੦੦ |
| ੨੦) | ਗੁਰ: ਬਸਮਤਨਗਰ ਸਾਹਿਬ | ੧੨੪੮੫੪-੦੦ | ੧੧੩੦੪-੦੦ |
| ੨੧) | ਗੁਰ: ਭਜਨਗੜ੍ਹ ਸਾਹਿਬ | ੮੦੨੭-੦੦ | ੨੪੫੫੫-੦੦ |
| ੨੨) | ਗੁਰ: ਬਾਉਲੀ ਸਾਹਿਬ | ੧੦੦੭੯-੦੦ | ੧੯੦੭੦-੦੦ |
| ੨੩) | ਗੁਰ: ਹੀਰਾ ਘਾਟ ਸਾਹਿਬ | ੪੫੧੪੪-੦੦ | ੩੩੦-੦੦ |
| ੨੪) | ਗੁਰ: ਗੋਬਿੰਦਬਾਗ ਸਾਹਿਬ | - | ੧੩੦੫੬੦-੦੦ |
| ੨੫) | ਗੁਰ: ਮਾਲਟੇਕੜੀ ਸਾਹਿਬ | ੫੮੬੩੪-੦੦ | ੩੪੭੬੬੬-੦੦ |
| ੨੬) | ਗੁਰ: ਨਗੀਨਾਘਾਟ ਸਾਹਿਬ | ੧੬੧੭੦-੦੦ | ੨੭੦੦-੦੦ |
| ੨੭) | ਗੁਰ: ਮਹਾਕਾਲ ਸਾਹਿਬ | ੨੭੪੯-੦੦ | - |
| ੨੮) | ਗੁਰ: ਸੰਗਤ ਸਾਹਿਬ | ੩੦੪੩੪-੦੦ | ੯੫੦-੦੦ |
| ੨੯) | ਗੁਰ: ਸ਼ਿਕਾਰਘਾਟ ਸਾਹਿਬ | ੭੩੬੧੧-੦੦ | ੨੬੫-੦੦ |

| | | | |
|---|---|---|---|
| ੩੦) | ਗੁਰਪੂਰਬ ਦੂਜ | – | – |
| ੩੧) | ਰਾਮਗੜ੍ਹੀਆ ਨਿਵਾਸ | – | ੪੧੫੭੭੨-੦੦ |
| ੩੨) | Honarirum | – | ੧੨੧੩੮੭-੦੦ |
| ੩੩) | ਹਸਪਤਾਲ | ੬੧੧੦੨-੦੦ | ੧੫੯੫੧੬-੦੦ |
| ੩੪) | ਹਾਸਟਲ ਨਾਂਦੇੜ | – | ੯੫੭੨-੦੦ |
| ੩੫) | ਹਾਸਟਲ ਹੈਦ੍ਰਾਬਾਦ | – | ੧੧੩੮-੦੦ |
| ੩੬) | ਇਨਕਮ ਟੈਕਸ | ੯੧੫੭੩-੦੦ | ੫੨੫੩੧-੦੦ |
| ੩੭) | ਸੂਦ | ੧੮੫੨੦੨-੦੦ | – |
| ੩੮) | ਆਈ.ਟੀ.ਆਈ. | ੨੪੩੩੬-੦੦ | ੫੮੧੩੧੧-੦੦ |
| ੩੯) | ਖੇਤੀ ਬਾਸਰੀ | – | ੩੬੦੦-੦੦ |
| ੪੦) | ਖੇਤੀ ਬਾਉਲੀ | – | ੧੭੦੦-੦੦ |
| ੪੧) | ਖੇਤੀ ਬ੍ਰਾਹਮਣਵਾੜਾ | – | – |
| ੪੨) | ਖੇਤੀ ਦਾਬੜ | ੩੪੨੨੩-੦੦ | ੯੬੨੧੮-੦੦ |
| ੪੩) | ਖੇਤੀ ਲਾਵਨੀ | – | – |
| ੪੪) | ਖੇਤੀ ਮੱਲ੍ਹੀ | – | ੧੮੫੬੩-੦੦ |
| ੪੫) | ਖੇਤੀ ਸੰਗਤ ਸਾਹਿਬ | – | – |
| ੪੬) | ਖੇਤੀ ਗਟ ਨੰ. ੨੫੬ | – | ੧੫੦੦-੦੦ |
| ੪੭) | ਖੇਤੀ ਵਿਸ਼ਨੂੰਪੁਰੀ | – | – |
| ੪੮) | ਲੰਗਰ | ੭੦੨੨੭੨੪-੩੮ | ੯੨੭੫੩੮-੬੦ |
| ੪੯) | ਲਾਇਬ੍ਰੇਰੀ | – | ੧੨੩੫੮-੫੦ |
| ੫੦) | ਮੇਨਟੈਨੈਂਨਸ | – | ੨੭੪੫-੦੦ |
| ੫੧) | ਮੈਨੇਜਮੈਂਟ | – | ੧੮੪੦੯-੦੦ |
| ੫੨) | ਸਾਮੂਹਿਕ ਵਿਵਾਹ ਮੇਲਾਵਾ | ੪੫੧੦੦-੦੦ | – |
| ੫੩) | ਮੈਡੀਕਲ ਸਪੋਰਟਸ ਅਤੇ ਹੋਰ ਸਹਾਇਤਾ | – | ੫੪੬੦੦-੦੦ |
| ੫੪) | Misc.Expences | – | ੧੫੦੫-੦੦ |
| ੫੫) | ਮੋਟਰ ਟੈਕਸ ਅਤੇ ਇੰਸ਼ੋਰੈਂਸ਼ | – | ੩੦੧੨੮-੦੦ |
| ੫੬) | ਮੋਟਰ ਵਹੀਕਲ | ੯੩੦੦-੦੦ | ੭੬੨੦੫-੩੪ |
| ੫੭) | ਨਿਸ਼ਾਨ ਸਾਹਿਬ | ੩੦੯੦੦-੦੦ | ੭੧੭੧੬-੦੦ |
| ੫੮) | ਡਾਕ ਖਰਚ | – | ੧੨੩੩੦-੦੦ |
| ੫੯) | ਪ੍ਰਸ਼ਾਦਿ | ੧੬੭੧੭੭੮-੦੦ | ੧੧੮੩੫੫-੦੦ |
| ੬੦) | ਪ੍ਰਿੰਟਿੰਗ ਪ੍ਰੈਸ | – | ੨੨੦੦੯-੦੦ |
| ੬੧) | ਪ੍ਰਾਪਰਟੀ ਟੈਕਸ | ੬੯੨੮੭-੦੦ | – |
| ੬੨) | ਪੂਜਾ ਪਾਠ | – | ੧੭੪੦੦-੦੦ |
| ੬੩) | ਕਿਰਾਇਆ | ੧੧੮੦੯੩੩-੦੦ | – |
| ੬੫) | ਸਹਿਜਪਾਠ | ੪੬੨੦੦-੦੦ | |
| ੬੬) | ਤਨਖਾਹ | ੭੬੦੯-੦੦ | ੪੨੦੨੬੨੩-੦੦ |
| ੬੭) | ਸੇਲਸ ਆਫ ਔਲਡ ਸਟਾਕ | ੮੮੫੮-੫੦ | – |
| ੬੮) | ਸਪਤਾਹ ਪਾਠ | ੧੫੨੦੦-੦੦ | ੬੫੦-੦੦ |
| ੬੯) | ਸਕਾਲਰਸ਼ਿਪ | – | ੩੮੧੭੫-੦੦ |

| | | | |
|---|---|---|---|
| ੭੦) | ਸਿਕਿਉਰਟੀ ਡਿਪਾਜ਼ਿਟ | ੧੬੭੮੮੨-੦੦ | ੬੩੧੮੬੭-੦੦ |
| ੭੧) | ਸ਼ਬਦ-ਭੇਟਾ | ੩੮੧੫੭-੦੦ | ੨੦੮੨੮-੦੦ |
| ੭੨) | ਸ਼ਾਪ ਡਿਪਾਜ਼ਿਟ | ੧੬੯੭੦੦੦-੦੦ | - |
| ੭੩) | ਅਸਤਬਲ | ੮੩੧੨੯-੦੦ | ੯੦੦-੦੦ |
| ੭੪) | ਸਟੇਸ਼ਨਰੀ | - | ੮੫੫੩-੦੦ |
| ੭੫) | ਸਟੋਰ ਬਰਤਨ ਅਤੇ ਹਾਰਡਵੇਅਰ | ੯੦੦-੦੦ | ੩੫੩੬੬-੪੨ |
| ੭੬) | ਸਟੋਰ ਇਲੈਕਟ੍ਰਿਕ | - | ੨੩੮੭੪-੦੦ |
| ੭੭) | ਸਟੋਰ ਜਨਰਲ | ੯੭੯੬੮-੦੦ | ੩੦੭੪੨-੦੦ |
| ੭੮) | ਸਿਰੋਪਾਓ | - | - |
| ੭੯) | ਟੀ.ਏ. ਡੀ.ਏ. | - | ੫੨੪੫੧-੦੦ |
| ੮੦) | ਟੈਲੀਫੋਨ | ੧੩੮੩-੦੦ | ੧੩੧੬੫-੦੦ |
| ੮੧) | ਲੈਂਡ ਰੀਵਿਨੀਵ | - | ੫੬੧-੦੦ |
| ੮੨) | ੩੦੦ ਸਾਲਾ | ੧੦੨੦੭੭੦-੦੦ | ੨੩੮੬੯੨੭-੦੦ |
| ੮੩) | ਟ੍ਰੈਕਟਰ | ੨੨੫੦-੦੦ | ੩੩੮੮-੦੦ |
| ੮੪) | ਜੁਰਮਾਨਾ | ੫੭੬੪-੦੦ | - |
| ੮੫) | ਈ.ਪੀ.ਐਫ. ਐਡਵਾਂਸ ਰਿਕਵਰੀ | ੧੪੦੮੯੨-੦੦ | ੮੦੦-੦੦ |
| ੮੬) | ਜੀ.ਪੀ.ਐਫ. ਐਫ.ਡੀ.ਆਰ. | - | ੧੨੧੩੯-੦੦ |
| ੮੭) | ਅਡਵਾਂਸ | ੨੧੪੮੨੧੬-੬੧ | ੫੯੮੮੯੭੨-੦੦ |
| ੮੮) | ਪਰਾਪਰਟੀ ਇੰਨਸ਼ੋਰੈਂਸ | - | - |
| ੮੯) | **Trust Fund & Corpus** | - | - |
| ੯੦) | ਬ੍ਰਿਧਆਸ਼ਰਮ | ੨੦੦੦-੦੦ | ੭੬੪੦-੦੦ |
| ੯੧) | ਡ੍ਰੈਸ ਫੰਡ | - | ੨੫੬੬੨੯-੦੦ |
| | ਜੋੜ : | ੨੨੮੮੭੨੪੯-੪੯ | ੨੪੫੩੮੯੬੩-੪੮ |
| ੯੨) | ਐਫ.ਡੀ.ਆਰ. ਮੁਰਾਦਮੰਦ | ੪੮੦੧੭੫-੦੦ | ੩੧੨੦੦-੦੦ |
| ੯੩) | ਐਫ.ਡੀ.ਆਰ. ਗੁਰਦੁਆਰਾ ਸਾਹਿਬ | ੧੮੫੪੦੦੦-੦੦ | ੮੦੦੦੦੦੦-੦੦ |
| ੯੪) | **Salary Deductions** | ੧੭੪੦੫੫੦-੦੦ | ੧੭੨੦੮੩੩-੦੦ |
| ੯੫) | ਬੈਂਕ **Transactions** | ੨੬੬੮੬੭੧੩-੨੦ | ੧੯੫੭੨੦੯੨-੩੮ |
| | ਉਪਨਿੰਗ ਅਤੇ ਕਲੋਜ਼ਿੰਗ ਬੈਲੈਂਸ | ੨੯੫੬੨੫-੩੪ | ੮੧੨੨੪-੧੭ |
| | ਕੁੱਲ ਜੋੜ : | ੫੩੯੪੪੩੧੩-੦੩ | ੫੩੯੪੪੩੧੩-੦੩ |

*ਸਹੀ/-*
ਅਕਾਊਂਟੈਂਟ

*ਸਹੀ/-*
ਸੁਪ੍ਰਿੰਟੈਂਡੈਂਟ

# ਗੁਰਦੁਆਰਾ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ

## ਅਬਿਚਲਨਗਰ ਸਾਹਿਬ, ਨਾਂਦੇੜ

## ਚਿੱਠਾ ਆਮਦਨ-ਖਰਚ ਮਹੀਨਾ ਦਸੰਬਰ-੨੦੦੯

| ਨੰ. | ਖਾਤਾ | ਆਮਦਨ | ਖਰਚ |
|---|---|---|---|
| ੧) | ਐਡਵਰਟਾਈਜਮੇਂਟ | . | 51774-00 |
| ੨) | ਅਖੰਡ ਪਾਠ | 1824514-00 | 951550-00 |
| ੩) | ਐਬੂਲੰਸ | - | 6525-00 |
| ੪) | ਆਡਿਟ ਫੀਸ | . | 350000-00 |
| ੫) | ਬਿਹੰਗਮ ਫੰਡ | - | 1515-00 |
| ੬) | ਬੈਂਕ ਚਾਰਜਸ | - | 1166-00 |
| ੭) | ਬਿਲਡਿੰਗ ਫੰਡ | 4052962-00 | 2691953-02 |
| ੮) | ਸੀ.ਐਮ.ਡੀ. | - | 1750-00 |
| ੯) | ਕੰਪਿਊਟਰ | - | 728326-00 |
| ੧੦) | ਕੋਰਟ | - | 6590-00 |
| ੧੧) | ਡਿਪਾਜੀਟ (ਅਮਾਨਤ) | 159110-00 | 84846-00 |
| ੧੨) | ਧਰਮ ਪ੍ਰਚਾਰ | 335690-00 | 326759-38 |
| ੧੩) | ਐਜੂਕੇਸ਼ਨ ਫੰਡ | 60000-00 | 419-00 |
| ੧੪) | ਮਿਊਜੀਅਮ | - | 561800-00 |
| ੧੫) | ਈ.ਪੀ.ਐਫ. | - | 586803-00 |
| ੧੬) | ਬਿਜਲੀ | - | 1218220-00 |
| ੧੭) | ਫੈਸਟੀਵਲ | - | 101095-00 |
| ੧੮) | ਫਾਈਨ | 17404-00 | - |
| ੧੯) | ਗੋਲਕ | 5455763-25 | - |
| ੨੦) | ਗ੍ਰੈਜੁਇਟੀ | - | - |
| ੨੧) | ਗੁਰਃ ਬੰਦਾਘਾਟ ਸਾਹਿਬ | 175851-00 | 199-00 |
| ੨੨) | ਗੁਰਃ ਬਸਮਤਨਗਰ ਸਾਹਿਬ | 289621-00 | 18419-00 |
| ੨੩) | ਗੁਰਃ ਭਜਨਗੜ੍ਹ ਸਾਹਿਬ | 95632-00 | 19210-00 |
| ੨੪) | ਗੁਰਃ ਬਾਉਲੀ ਸਾਹਿਬ | 72444-00 | - |
| ੨੫) | ਗੁਰਃ ਮਹਾਕਾਲ ਸਾਹਿਬ | 30376-50 | - |
| ੨੬) | ਗੁਰਃ ਹੀਰਾ ਘਾਟ ਸਾਹਿਬ | 207980-00 | 100-00 |
| ੨੭) | ਗੁਰਃ ਗੋਬਿੰਦਬਾਗ ਸਾਹਿਬ | - | 103690-00 |
| ੨੮) | ਗੁਰਃ ਮਾਲਟੇਕੜੀ ਸਾਹਿਬ | 213784-00 | - |
| ੨੯) | ਗੁਰਃ ਨਗੀਨਾਘਾਟ ਸਾਹਿਬ | 209614-00 | 9560-00 |
| ੩੦) | ਗੁਰਃ ਸੰਗਤ ਸਾਹਿਬ | 118569-00 | 560-00 |
| ੩੧) | ਗੁਰਃ ਸ਼ਿਕਾਰਘਾਟ ਸਾਹਿਬ | 279401-00 | 1080-00 |

| | | | |
|---|---|---|---|
| ੩੨) | ਗੁਰਦੁਆਰਾ ਪੋਹਰਾਦੇਵੀ | - | - |
| ੩੩) | Honarirum | - | 95891-00 |
| ੩੪) | ਹਸਪਤਾਲ | 54430-00 | 87313-00 |
| ੩੫) | ਹਾਸਟਲ ਨਾਂਦੇੜ | 7000-00 | 6630-00 |
| ੩੬) | ਹਾਸਟਲ ਹੈਦ੍ਰਾਬਾਦ | - | - |
| ੩੭) | ਇਨਕਮ ਟੈਕਸ | 214700-00 | 110087-00 |
| ੩੮) | ਸੂਦ | 2724011-00 | 1512-00 |
| ੩੯) | ਆਈ.ਟੀ.ਆਈ. | 16295-00 | 504249-70 |
| ੪੦) | ਖੇਤੀ ਬਾਸਰੀ | - | - |
| ੪੧) | ਖੇਤੀ ਬਾਉਲੀ | - | 1000-00 |
| ੪੨) | ਖੇਤੀ ਬ੍ਰਾਹਮਣਵਾੜਾ | - | - |
| ੪੩) | ਖੇਤੀ ਦਾਬੜ | 422451-00 | 17350-00 |
| ੪੪) | ਖੇਤੀ ਲਾਵਨੀ | - | - |
| ੪੫) | ਖੇਤੀ ਮੱਲ੍ਹੀ | 72325-00 | 25928-00 |
| ੪੬) | ਖੇਤੀ ਸੰਗਤ ਸਾਹਿਬ | - | - |
| ੪੭) | ਖੇਤੀ ਪੋਹਰਾਦੇਵੀ | - | - |
| ੪੮) | ਖੇਤੀ ਵਿਸ਼ਨੂੰਪੁਰੀ | - | - |
| ੪੯) | ਲੰਗਰ | 12149041-00 | 723534-90 |
| ੫੦) | ਲਾਇਬ੍ਰੇਰੀ | 96000-00 | 15056-00 |
| ੫੧) | ਮੇਨਟੈਨੈਂਨਸ | - | 4058-00 |
| ੫੨) | ਮੈਨੇਜਮੈਂਟ | - | 8066-00 |
| ੫੩) | ਸਾਮੂਹਿਕ ਵਿਵਾਹ ਮੇਲਾਵਾ | 14711-00 | 373916-00 |
| ੫੪) | ਮੈਡੀਕਲ | - | 28600-00 |
| ੫੫) | Misc.Expences | - | 8606-00 |
| ੫੬) | ਮੋਟਰ ਟੈਕਸ ਅਤੇ ਇੰਸ਼ੋਰੈਂਸ | - | 6068-00 |
| ੫੭) | ਮੋਟਰ ਵਹੀਕਲ | 37000-00 | 69210-93 |
| ੫੮) | ਨਿਸ਼ਾਨ ਸਾਹਿਬ | 67200-00 | 9481-00 |
| ੫੯) | ਡਾਕ ਖਰਚ | - | 12078-00 |
| ੬੦) | ਪ੍ਰਸ਼ਾਦਿ | 2878072-00 | 27655-00 |
| ੬੧) | ਪ੍ਰਿੰਟਿੰਗ ਪ੍ਰੈਸ | 26600-00 | 131410-00 |
| ੬੨) | ਪ੍ਰਾਪਰਟੀ ਟੈਕਸ | 49281-00 | - |
| ੬੩) | ਪੂਜਾ ਪਾਠ | . | 8240-00 |
| ੬੪) | ਕਿਰਾਇਆ | 608756-00 | - |
| ੬੫) | ਸੱਚਖੰਡ ਪੱਤਰ | 72579-00 | 78712-00 |
| ੬੬) | ਸਹਿਜਪਾਠ | 81400-00 | - |
| ੬੭) | ਤਨਖਾਹ | 6935-00 | 4174855-00 |
| ੬੮) | ਸੇਲਸ ਆਫ ਔਲਡ ਸਟਾਕ | 19000-00 | - |
| ੬੯) | ਸਪਤਾਹ ਪਾਠ | 9100-00 | 975-00 |
| ੭੦) | ਸਕਾਲਰਸ਼ਿਪ | | 48750-00 |

| | | | |
|---|---|---|---|
| ੭੧) | ਸਿਕਿਉਰਟੀ ਡਿਪਾਜ਼ਿਟ | 37371-98 | 25017-00 |
| ੭੨) | ਸ਼ਬਦ-ਭੇਟਾ | 55847-00 | 16908-00 |
| ੭੩) | ਸ਼ਾਪ ਡਿਪਾਜ਼ਿਟ | 716000-00 | 61000-00 |
| ੭੪) | ਸਿਰੋਪਾਓ | 1250-00 | - |
| ੭੫) | ਅਸਤਬਲ | 126170-00 | 18000-00 |
| ੭੬) | ਸਟੇਸ਼ਨਰੀ | - | 9049-00 |
| ੭੭) | ਸਟੋਰ ਬਰਤਨ ਅਤੇ ਹਾਰਡਵੇਅਰ | 100-00 | 22265-40 |
| ੭੮) | ਸਟੋਰ ਇਲੈਕਟ੍ਰੀਕ | - | 112761-00 |
| ੭੯) | ਸਟੋਰ ਜਨਰਲ | 205301-00 | 80347-00 |
| ੮੦) | ਸਿਲਵਰ ਕਪ | - | - |
| ੮੧) | ਟੀ.ਏ. ਡੀ.ਏ. | . | 35072-00 |
| ੮੨) | ਟੈਲੀਫੋਨ | 870-00 | 13974-34 |
| ੮੩) | ਲੋਨ ਅਗੇਂਸਟ ਬੈਂਕ ਡਿਪਾਜ਼ੀਟ | - | - |
| ੮੪) | ੩੦੦ ਸਾਲਾ | 329060-00 | 77398-76 |
| ੮੫) | ਟ੍ਰੈਕਟਰ | 3000-00 | 770-00 |
| ੮੬) | ਵੈਟ ਟੈਕਸ | - | - |
| ੮੭) | ਰਾਮਗੜ੍ਹੀਆ ਨਿਵਾਸ | - | - |
| ੮੮) | ਈ.ਪੀ.ਐਫ. ਐਡਵਾਂਸ ਰਿਕਵਰੀ | 112717-00 | 1600-00 |
| ੮੯) | ਜੀ.ਪੀ.ਐਫ. ਐਫ.ਡੀ.ਆਰ. | 107103-00 | 107103-00 |
| ੯੦) | ਅਡਵਾਂਸ | 1981444-31 | 2562345-00 |
| ੯੧) | ਡਰੈਸ ਫੰਡ | - | 125040-00 |
| ੯੨) | Trust Fund & Corpus | 91104-00 | - |
| ੯੩) | ਬ੍ਰਿਧਆਸ਼ਰਮ | 20500-00 | 13990-00 |
| | ਜੋੜ : | 37013441-04 | 17685782-68 |
| ੯੪) | ਐਫ.ਡੀ.ਆਰ. ਮੁਰਾਦਮੰਦ | 943613-00 | 434686-00 |
| ੯੫) | ਐਫ.ਡੀ.ਆਰ. ਗੁਰਦੁਆਰਾ ਸਾਹਿਬ | 9994443-00 | - |
| ੯੬) | Salary Deductions | 1720221-00 | 1708209-00 |
| ੯੭) | ਬੈਂਕ Transactions | 12352801-00 | 42150489-00 |
| | ਉਪਨਿੰਗ ਅਤੇ ਕਲੋਜ਼ਿੰਗ ਬੈਲੈਂਸ | 81224-17 | 126576-53 |
| | ਕੁੱਲ ਜੋੜ : | 62105743-21 | 62105743-21 |

ਸਹੀ/- ਅਕਾਊਂਟੈਂਟ

ਸਹੀ/- ਸੁਪ੍ਰਿੰਟੈਂਡੈਂਟ

## ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵਿਖੇ ਭੇਟਾਵਾਂ ਦੀ ਜਾਣਕਾਰੀ

| | |
|---|---|
| ❖ ਅਖੰਡ ਪਾਠ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੩੧੦੦/- ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੪੧੦੦/- ਰੁਪੈ |
| ❖ ਸਪਤਾਹ ਪਾਠ ਸਾਹਿਬ ਜੀ | ੧੩੦੦/- ਰੁਪੈ |
| ❖ ਸਹਿਜ ਪਾਠ ਸਾਹਿਬ ਜੀ | ੧੧੦੦/- ਰੁਪੈ |
| **ਜੀਵਨ ਭਰ ਲਈ ਇਕੋ ਵਾਰ ਭਰੋ :-** | |
| ❖ ਅਖੰਡ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/- ਰੁਪੈ |
| ❖ ਅਖੰਡ ਪਾਠ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੧੦੦੦੦੦/- ਰੁਪੈ |
| ❖ ਸਪਤਾਹ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/-ਰੁਪੈ |
| ❖ ਸਹਿਜ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਲ ਵਿੱਚ ਇਕ ਵਾਰ | ੫੧੦੦੦/-ਰੁਪੈ |
| **: ਨਿਸ਼ਾਨ ਸਾਹਿਬ ਬਾਰੇ :** | |
| ❖ ਵੱਡੇ ਨਿਸ਼ਾਨ ਸਾਹਿਬ ਦਾ ਚੋਲਾ | ੨੫੦੦/-ਰੁਪੈ |
| ❖ ਛੋਟੇ ਨਿਸ਼ਾਨ ਸਾਹਿਬ ਦਾ ਚੋਲਾ | ੨੧੦੦/-ਰੁਪੈ |
| **: ਲੰਗਰ ਬਾਰੇ :** | |
| ❖ ਸਾਦਾ ਲੰਗਰ ਇਕ ਦਿਨ ਮੇਲਾ ਛੱਡ ਕੇ | ੧੫੧੦੦/- ਰੁਪੈ |
| ❖ ਮਿੱਠਾ ਲੰਗਰ ਇਕ ਦਿਨ ਮੇਲਾ ਛੱਡ ਕੇ | ੨੫੧੦੦/- ਰੁਪੈ |
| **ਜੀਵਨ ਭਰ ਲਈ ਇਕੋ ਵਾਰ ਭਰੋ :-** | |
| ❖ ਸਾਦਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੦੦੦੦੦/- ਰੁਪੈ |
| ❖ ਮਿੱਠਾ ਲੰਗਰ ਇਕ ਦਿਨ ਮੇਲਾ ਛੱਡ ਕੇ (ਸਾਲ ਵਿਚ ਇਕ ਵਾਰ) | ੧੫੦੦੦੦/- ਰੁਪੈ |
| **: ਕੜਾਹ ਪ੍ਰਸ਼ਾਦਿ ਦੀ ਦੇਗ ਬਾਰੇ :** | |
| ❖ ਰੋਜ਼ਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਮਹੀਨੇ ਲਈ | ੩੦੦/- ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ | ੭੧੦੦/- ਰੁਪੈ |
| ❖ ਰੋਜ਼ਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਇਕ ਸਾਲ ਲਈ | ੩੬੫੦/- ਰੁਪੈ |
| ❖ ਰੋਜ਼ਾਨਾ ਕੜਾਹ ਪ੍ਰਸ਼ਾਦਿ ਦੀ ਅਰਦਾਸ ਹਮੇਸ਼ਾ ਲਈ (ਇਕ ਵਾਰ ਭਰ) | ੩੬੦੦੦/- ਰੁਪੈ |
| ❖ ਪੂਰੇ ਇਕ ਦਿਨ ਦੀ ਕੜਾਹ ਪ੍ਰਸ਼ਾਦਿ ਦੀ ਦੇਗ ਗੁਰਪੁਰਬ ਮੇਲੇ ਆਦਿ ਸਮੇਂ | ੩੬੨੦੦/-ਰੁਪੈ |
| **: ਰਿਹਾਇਸ਼ ਬਾਰੇ (ਗੁਰਦੁਆਰਾ ਸਾਹਿਬ ਪਰੀਸਰ ਕੰਪਲੈਕਸ)** | |
| ❖ ਵੀ.ਵੀ.ਆਈ.ਪੀ. ਦੇ ਇੱਕ ਕਮਰੇ ਦੀ ਭੇਟਾ | ੧੧੦੦੦੦੦/-ਰੁਪੈ |
| ❖ ਗ੍ਰਾਉਂਡ ਅਤੇ ਫਸਟ ਫਲੋਰ ਦੇ ਇੱਕ ਕਮਰੇ ਦੀ ਭੇਟਾ | ੭੦੦੦੦੦/-ਰੁਪੈ |
| ❖ ਸੈਕਿੰਡ ਫਲੋਰ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| ❖ ਐਨ.ਆਰ.ਆਈ.ਨਿਵਾਸ ਦੇ ਇੱਕ ਕਮਰੇ ਦੀ ਭੇਟਾ | ੩੫੧੦੦੦/-ਰੁਪੈ |
| ❖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਵਨ ਦੇ ਇੱਕ ਕਮਰੇ ਦੀ ਭੇਟਾ | ੫੦੦੦੦੦/-ਰੁਪੈ |
| ❖ **ਹਸਪਤਾਲ ਫੰਡ ਬਾਰੇ** : ਦਸਮੇਸ਼ ਹਸਪਤਾਲ (ਲਾਈਫ ਮੈਂਬਰਸ਼ਿਪ) | ੫੧੦੦/-ਰੁਪੈ |

ਨੋਟ : ਲੋਕਲ ਇਤਿਹਾਸਕ ਗੁਰਦੁਆਰੇ ਸਾਹਿਬਾਨ ਲਈ ਸਵੇਰੇ ੯.੦੦ ਵਜੇ ਗੇਟ ਨੰ: ੨ ਤੋਂ ਬੱਸ ਚੱਲਦੀ ਹੈ। ਪ੍ਰਤੀ ਯਾਤਰੀ ਟਿਕਟ ੭੫/-ਰੁਪੈ ਹੈ। ਲਿਖਾਰੀ ਕਾਊਂਟਰ ਤੇ ਟਿਕਟ ਬੁੱਕ ਕਰੋ ਜੀ।

: ਮਾਇਆ ਭੇਜਣ ਦਾ ਪਤਾ : **Superintendent,**
Gurdwara Board, Takhat Sachkhand Sri Hazur Abchalnagar Sahib, Nanded 431601 (MS) India.
Ph. 02462-234813, 243559, 241266, 244166, 313517, FaxNo.-02462-234812.
E-mail:Contact@hazursahib.com Visit us at:http://www.Takhatsrihazursahib.org.

हिंदी विभाग

# शुभ विचार

सुतु अपराध करत है जेते ।।
जननी चीति न राखसि तेते ।।
रामईआ हउ बारिकु तेरा ।।
काहे न खंडसि अवगनु मेरा।।१।।रहाउ।।

भक्त कबीर जी का ही यह तर्कपूर्ण कथन है कि जिस प्रकार यदि कोई पुत्र अपराध करता है, तो उसकी माता उस अपराध को कभी भी अपने मन में नहीं रखती है, भक्त जी कहते हैं, ठीक इसी प्रकार हे प्रभु ! मैं भी तो तेरा ही बालक हूँ, फिर तुम मेरे अपराधों को भी क्षमा क्यों नहीं कर देते ?

(श्री गुरु ग्रंथ साहिब जी, पन्ना -४७८)

# श्री गुरु ग्रंथ साहिब जी - संत साहित्य का दर्पण

-स. हवमहेन्द्र सिंघ बेदी

श्री गुरु ग्रंथ साहिब जी मध्ययुगीन साहित्य एवं समाज का दर्पण है । इस महान ग्रंथ में सम्पूर्ण भारत का १२वीं शताब्दी से लेकर १७वीं शताब्दी का लगभग ५०० वर्षों का आध्यत्मिक, सामाजिक, सांस्कृतिक, ऐतिहासिक और साहित्यिक इतिहास रेखांकित हुआ है । भिन्न-भिन्न प्रांतों और भिन्न भिन्न जातियों से सम्बधित भक्ति लहर के प्रतिनिधि कवियों की रचनाएँ इस ग्रंथ में संकलित हुई है । इस प्रकार यह ग्रंथ सम्पूर्ण मध्ययुगीन साहित्य की झांकी प्रस्तुत करता है । इस महान ग्रंथ में संकलित गुरु भक्त और भट्ट कवि एक प्रकार से भारत का सामाजिक और साहित्यिक इतिहास रच रहे थे ।

डॉ. हरिभजन सिंघ का कथन है, ''पंजाब में हिन्दी काव्य को प्रचारित एवं हिन्दी कवियों को प्रोत्साहित करने का श्रेय मुख्यतः सिक्ख गुरुओं को ही है । उन्होंने स्वयं ब्रज भाषा को आपनी वाणी का माध्यम बनाया ।''

''श्री गुरु ग्रंथ साहिब जी'' मध्ययुगिन साहित्य का एक प्रमाणिक दस्तावेज है जिसमे भारतीय समाज और संकृति के मूल्यों के उत्थान और विघटनकी कहानी छुपी है ।

डॉ. गुरनाम कौर बेदी मानती है कि - ''श्री गुरु ग्रंथ साहिब जी भारतीय चिंतन और संस्कृति का ऐतिहासिक दस्तावेज है । यह मधकाल के शीर्षक भक्तों की वाणी का प्रमाणिक संग्रह है । श्री गुरु गांबिंद सिंघ जी ने इस महान दार्शनिक रचना को गुरु की पदवी से सुशोभित किया । गुरुमत धारा का सर्वप्रथम ग्रंथ भी श्री गुरु ग्रंथ साहिब जी है । गुरुमत आदर्श का संकल्प गुरुओं ने अपनी वाणी में प्रत्यक्ष रुप में प्रगट किया जबकि भक्तों की वाणी का संपादन इस ढंग से हुआ है कि वह वाणी भी गुरुमत विचारधारा का एक अंग प्रतीत होती है ।''

वास्तव में श्री गुरु अरजन देव जी ने इस महान ग्रंथ के माध्यम से राष्ट्रीय एकता, अखण्डता एवं धर्म-निरपेक्षता का एक जीवन्त उदाहरण प्रस्तुत कर रहे थे । इस ग्रंथ के वाणी कार हिन्दू और मुस्लिम तथा अन्य संस्कृतियों का परस्पर संयोग कर रहे थे और कहना न होगा कि अपने इस प्रयास में वे पूरी तरह सफल भी हुए । वह सभी धर्मशाखाओं का मूल्यांकन कर रहे थे और श्री गुरु अर्जुन देव जी ने इन वाणीकारों की बहुमूल्य विरासत को इस महान ग्रंथ में सुरक्षित कर दिया।

श्री गुरु ग्रंथ साहिब जी ने केवल सिक्ख धर्म अथवा भारत की ही नहीं अपितु मानवमात्रा ही अमूल्य निधि है ।

डा. परशुराम चतुर्वेदी कहते है कि, ''यह ग्रंथ वास्तव में एक अपूर्व ज्ञानकाश है जिसमें न केवल परमतत्व के आध्यात्मिक स्वरुप की एक अनुपम झाँकी मिलती है, अपितु इसमें गहरी अनुभूति पर आश्रित ऐसे अनेक संदेश भी मिलते है जिनसे सर्वांगीण मानव जीवन के निर्माण की प्रेरणा ग्रहण की जा सकती है ।''

१४३० पृष्ठों की इस अमुल्य निधी में न केवल तात्कालीन धार्मिक प्रवृतियों का चित्रण हुआ है, बलकि मानव मन की चितवृतियों का मनोवैज्ञानिक ढंग से विश्लेषण भी प्रस्तुत हुआ है।

प्रो. हिन्दी विभाग, गुरु नानक देव यूनिवर्सिटी, अंमृतसर ।

इस ग्रंथ के वाणीकार लोक जीवन और लोक संस्कृति से पूरी तरह से जुडे हुए है । तभी तो श्री गुरु गोबिंद सिंघ जी ने १७०८ ई. में आदि ग्रंथ को ''श्री गुरु ग्रंथ साहिब जी'' का नाम देकर इसको 'गुरु' के पद पर आसीन कर दिया । श्री गुरु गांबिंद सिंघ जी की इस देन को डा. धर्मपाल मैनी ने सराहा और कहा 'शब्द के माध्यम से प्रभु को खोजने का संदेश देते हुए श्री गुरु ग्रंथ साहिब जी को उन्होंने अमर गुरुत्व प्रदान कर दिया । संभवतः सिक्ख धर्म को उनकी यह सबसे बडी देन है ।

श्री गुरु ग्रन्थ साहिब सिक्खों का केवल धार्मिक ग्रन्थ ही नहीं, बल्कि उनकी प्रेरणा और स्फूर्ति का एक मात्र साधन भी है ।

डा . जयराम मिश्र का कहना है कि ''जिस भ्राँति हिन्दुओं को वेद, पुराण, उपनिषद, ब्रह्मसूत्र और श्रीमदभगवगीता,प्रभृति ग्रन्थ, मुसलमानों को कुरान और ईसाइयों को बाईबल मान्य है, उसी भ्राँति श्री गुरु ग्रन्थ साहिब भी सिक्खों का परमपूज्य ग्रन्थ है । सिक्खों के सभी दार्शनिक एवं धार्मिक विचार इसी ग्रन्थ से अनुप्राणित हैं ।''

श्री गुरु ग्रन्थ साहिब के संकलन का इतिहास काफी महत्वपूर्ण है ।पाँचवे गुरु अर्जन देव को गुरुओं की वाणियाँ कहाँ से प्राप्त हुई, इस सम्बन्ध में विद्वानों में परस्पर मतभेद हैं ।

भाई साहिब सिंह ने यह सिध्द करने की चेष्टा की है कि - ''गुरुवाणी का संग्रह पहले से होता चला आ रहा था ।श्री गुरु नानक साहिब अपनी वाणियों के संग्रह के प्रति सजग थे । कहते हैं कि उनके पास अपनी वाणियों के संग्रहीत रूप में एक पोथी विद्यमान थी । दूसरे श्री गुरु अंगद देव जी और तीसरे श्री गुरु अमरदास जी के पास गुरु श्री गुरु नानक जी की वाणी उपस्थित थी । तभी तो श्री गुरु नानक देव जी और श्री गुरु अंगद देव जी की वाणियों में असाधारण समानता है । इसी प्रकार गुरु अमरदास जी ने भी श्री गुरु नानक देव जी द्वारा प्रयुक्त १९ रागों में से १७ रागों में अपनी वाणी उच्चरित की है । उनके सन्मुख श्री गुरु नानक देव जी के १९ राग आदर्श रूप में उपस्थित थे तभी तो उन्होंने इन रागों में उच्चरित की । इसके अतिरिक्त उनकी यह धारणा है कि श्री गुरु अर्जुन देव जी ने बाबा मोहन की स्तुति करके वाणियाँ प्राप्त नहीं की।''मोहन'' शब्द मोहन के लिए नहीं बल्कि ''अकालपुरुष'' के लिए प्रयुक्त हुआ है ।'

डा ० जयराम मिश्र, भाई साहिब सिंह के इस मत से सहमत नहीं है कि - ''जिस शब्द में बाबा मोहन की स्तुति समझी जा रही है । वह शब्द परमात्मा के गुणगान के लिए प्रयुक्त हुआ है और उनमें केवल गुरु अकाल पुरख की ही स्तुति हो सकती है । उनका कहना है कि बाबा मोहन साधक ही नहीं, सिध्द पुरुष थे और उनमें अपूर्व आध्यात्मिक शक्ति थी । वे रात दिन परमात्मा के ध्यान में निमग्न रहा करते थे और इस प्रकार बााबा मोहन की स्तुति चाटुकारिता मात्र नहीं बल्कि वे इसके अधिकारी भी हैं और इस शब्द के अंतिम पद मोहन' तू सफलु फलिआ सभु परवारे' अर्थात 'ऐ मोहन तू अपने परिवार समेत फूलो से यही प्रतीत होता है कि उपर्युक्त पद बाबा मोहन के लिए कहा गया है ।''

श्री गुरु ग्रंथ साहिब जी में संकलित बाणी को तीन भागों में विभक्त किया जा सकता है :

१) गुरवाणी

२) भक्तवाणी

३) भट्टवाणी

### १) गुरुवाणी :

श्री गुरु ग्रंथ साहिब जी में ६ गुरुओं की वाणी संकलित हुई है, जिसका संक्षिप्त ब्यौरा इस प्रकार है :

| गुरु साहिबान : | जाति | प्रांत | प्रयुक्त रागों की संख्या | वाणी संख्या |
|---|---|---|---|---|
| १) श्री गुरु नानक साहिब जी (१४६९-१५३९ ई) | खत्री | पंजाब | १९ | ९७४ |
| २) श्री गुरु अंगद देवजी (१५०४-१५५२ ई.) | खत्री | पंजाब | ६२ श्लोक | ६२ |
| ३) श्री गुरु अमरदास जी (१४७९-१५७४ ई.) | खत्री | पंजाब | १७ | ९०७ |
| ४) श्री गुरु रामदास जी (१५३४-१५८१ ई.) | खत्री | पंजाब | ३० | ६७९ |
| ५) श्री गुरु अर्जुन देव जी (१५६३-१६१६ ई.) | खत्री | पंजाब | ३० | २२१८ |
| ६) श्री गुरु तेगबहादुर जी (१६२१-१६७५ ई.) | खत्री | पंजाब | १५ | ११६ |
| | | | कुल : | ३८९६ |

भक्तवाणी :

श्री गुरु ग्रंथ साहिब जी में १९ भक्त कवियों की वाणी संकलित हुई जिसका ब्यौरा इस प्रकार है :

| | | | | |
|---|---|---|---|---|
| १) शेख फरीद जी (११७३-१२६५ ई.) | सैय्यद | पंजाब | २ | १३० श्लोक |
| २) जैदेव जी (जन्म ११८० ई.) | ब्राह्मण | बंगाल | २ | २ शब्द |
| ३) त्रिलोचन जी (जन्म १२६७ ई.) | ब्राह्मण | महाराष्ट्र | ३ | ४ शब्द |
| ४) नामदेव जी (१२६७-१३५० ई.) | छीबा | महाराष्ट्र | १८ | ६० शब्द |
| ५) सदना जी | कसाई | सिंध | १ | १ |
| ६) बेनी जी | ब्राह्मण | बिहार | ३ | ३ |
| ७) रामानंद जी (१३६६-१४६७ ई.) | ब्राह्मण | उतर प्रदेश | १ | १ |
| ८) रविदास जी | चमार | उतर प्रदेश | १६ | ४० |
| ९) कबीर जी (१३९८-१४९५ ई.) | जुलाहा | उतर प्रदेश | १८ | ५४१ श्लोक |
| १०) पीपा जी (जन्म १४२६ ई.) | राजपूत | गुजरात | १ | १ |
| ११) सैण जी | नाई | मध्य प्रदेश | १ | १ |
| १२) धन्ना जी (जन्म १४१५ ई.) | जाट | राजस्थान | २ | २ |
| १३) भीखन जी (देहांत १५७४ ई.) | मुसलमान | उतर प्रदेश | १ | २ |
| १४) परमानंद जी | ब्राह्मण | उतर प्रदेश | - | १ |
| १५) सूरदास जी (१४८३-१५६३ ई.) | ब्राह्मण | पंजाब | १ | १ |
| १६) बाबा सुंदर जी | खत्री | पंजाब | १ | ६ पौड़ियाँ |
| १७) मरदाना जी | मिरासी | पंजाब | १ वार | ३ श्लोक |
| १८) सता जी अते रायबलवंड | डूम | पंजाब | १ वार | ८ श्लोक |
| | | | | कुल : ६०७ |

भट्टवाणी :

श्री गुरु ग्रंथ साहिब जी में ११ भट्ट कवियों की रचनाएँ संगृहीत हैं जिनका ब्यौरा निम्न तालिका में दिया गया है ।

| भट्ट | जाति | प्रांत | सवैया संख्या |
|---|---|---|---|
| १) कल्ह सहार जी | भट्ट | पंजाब | ५४ |
| २) जाल्प जी | भट्ट | पंजाब | ५ |
| ३) कीरत जी | भट्ट | पंजाब | ८ |
| ४) भिक्खा जी | भट्ट | पंजाब | २ |
| ५) सल्ल जी | भट्ट | पंजाब | ३ |
| ६) भल्ल जी | भट्ट | पंजाब | १ |
| ७) नल जी | भट्ट | पंजाब | १६ |
| ८) गयंद जी | भट्ट | पंजाब | १३ |
| ९) मथुरा जी | भट्ट | पंजाब | १४ |
| १०) बल जी | भट्ट | पंजाब | ५ |
| ११) हरबंस जी | भट्ट | पंजाब | २ |

डा. तारन सिंह जी लिखते है कि - "श्री गुरु ग्रंथ साहिब जी में जो संपादन योजना है, वह विशेष रुप में श्री गुरु अर्जुन देव जी की ही देन है। इस प्रकार आप पंजाबी साहित्यिक क्षेत्र में सर्वप्रथम संपादक भी निश्चित होते हैं।"

श्री गुरु ग्रंथ साहिब जी में १२वीं शताब्दी से लेकर १७वीं शताब्दी के समाज का सटीक चित्रण मिलता है। इस ग्रंथ में लगभग ५०० वर्षों के कुछ ऐसे चुने हुए महापुरुषों और संत महात्माओं की वाणी सम्मिलित है, जो उस समय के समाज में आई गिरावट के साक्षी थे और वह वाणीकार मध्ययुगीन सामाजिकता में आई गिरावट को दूर करने और सांस्कृतिक मूल्यों की पुर्नस्थापना के लिए प्रयत्नशील थे। इन वाणीकारों ने सच्चे अर्थों में लोकनायक की भूमिका निभाई है।

डा. मनमोहन सहगल का मत है कि - "तत्कालीन स्थितियों में जीवन-मृत्यु, सम्पन्नता-विपन्नता, सत्कार-तिरस्कार का जो भी जातिगत पक्षपात उन्होंने देखा और शायद कभी भोगा भी था, इसलिए उन्होंने जाति-पाति, की गिरावट भरी संस्कृतिक स्थिति से ऊपर उठकर राष्ट्रीय गौरव गाथा कह सकने में समर्थ बनाया।"

इस प्रकार श्री गुरु ग्रंथ साहिब जी में सामाजिक और आध्यात्मिक चेतना प्रयाप्त मात्रा में परिलक्षित होती है। मध्यकाल की इन विभूतियों ने समाज के अभावों को प्रत्यक्ष रुप में देखा था। मूल्यों के पतन और अध्यात्मिक क्षेत्र में बट रहे पाठकों और कर्मकाण्डों के वे साक्षी थे। ईश्वर के नाम पर लड़ते और दूसरों का गला काटनेको तत्पर लोगों पर उनकी दृष्टि थी और यही दृष्टि इस स्थिति को बदलने के लिए आतुर हुई और यही उनकी चेतना बनी और इसी चेतना के अंतर्गत उन्होंने तत्कालीन समाज में व्याप्त पाखण्डों, आडम्बरों पर कसकर प्रहार किया और समाजिक स्तर पर गली सड़ी परम्पराओं और रुढ़ियों का कड़ा विरोध किया।

कबीर जी और श्री गुरु नानक साहिब जी ने समाज की बिगड़ती हुई वर्णाश्रम व्यवस्था, परिवार के रिश्ते नाते, ब्याह संस्कार में आडम्बर, स्त्रियों का तिरस्कार, मिथ्या कर्मकांड, निन्दा, चुगली, चोरी, धन कमाने की दौड़, वेश्यागमन पर - स्त्रीभोग, भिक्षा, काम, क्रोध, मोह, अहंकार, लोभ आदि सामाजिक बुराईयों को जड़ समेत नष्ट करने की प्रेरणा अपनी वाणियों में दी है और इस प्रकार श्री गुरु ग्रंथ साहिब जी उस समय के समाज

के चित्रण का एक ऐतिहासिक दस्तावेज बन जाता है ।

मध्य युग में हिन्दू और मुस्लिम संस्कृति समानांतर रेखाओं में चलते हुए भी दूसरे के साथ सांस्कृतिक साक्ष उत्पन्न कर रही थी । मध्य युग का पंजाब रणभुमि के साथ-साथ भारतीय भाषाओं के विकास की कर्मभूमि भी रहा है । यहाँ एक ओर हिन्दू भक्त और संत अपने सीधे-साधे शब्दों में ब्रजभाषा के माध्यम से नई चेतना फूंक रहे थे, गुरु साहिबान मानवता और सरबत के भले का संदेश दे रहे थे, वही मुस्लिम और पीर संत-फकीर अपनी रुहानी वाणी ब्रज भाषा में व्यक्त कर, संकीर्णताओं से उपर उठकर लिपियों की दूरी को कम करते हुए एक नया इतिहास रच रहे थे । यह नया इतिहास उनके धर्मनिरपेक्षता के संकल्प की ठीक गवाही दे रहा था । तभी तो श्री गुरु अर्जुन देव जी ने इनकी वाणी के महत्व को समझते हुए शेख फरीद जी और कबीर जी जैसे मुस्लिम संतों की वाणी को श्री गुरु ग्रंथ साहिब जी में स्थान दिया ।

यह ठीक है कि श्री गुरु नानक देव जी ने मुगल आक्रमणकारियों की निन्दा की और मुस्लिम शासकों की निन्दा और उनके गलत आचरण और राजनीतिक भ्रष्टाचार के कारण की है, लेकिन मुस्लिम जनसाधारण से उनके प्रेम का उदाहरण इस बात से मिलता है कि उनका प्रिय साथी मरदाना मुसलमान था जिसकी रबाब पर वे आपनी वाणी का उच्चारण कर रहे थे और मरदाना उसे स्वर बध्द करता हुआ हिन्दु-मुस्लिम की सांस्कृतिक साँझ को सुदृढ कर रहा था । यह साँझ मध्ययुग में पंजाब के पूरे साहित्य कला और संस्कृति में परिलक्षित होती है और इस साँझ का प्रतिबिंब श्री गुरु ग्रंथ साहिब जी में प्रत्यक्ष रुप में देखा जा सकता है । सत्ता बलवंड की वार इसी संदर्भ में आते है और भीखन जैसे भट्ट कवि भी इसी श्रृंखला में आते हैं ।

श्री गुरु ग्रंथ साहिब जी में मुस्लिम संस्कृति से जुडे हुए संदर्भ मिलते है । इन संदर्भों में उनकी सामाजिक और राजनीतिक गतिविधियों के अनेक बिम्ब दिखाई देते हैं ।

श्री गुरु नानक देव जी ने अपनी वाणी में यहाँ एक ओर हिन्दूओं को अवतारवाद, मूर्ति-पूजा, कर्मकांड, ब्राह्माडम्बरों पर कडी चोट की है और उन्हें सच्चे अर्थों में हिन्दु बनने की प्रेरणा दी है, वहां दूसरी ओर मुस्लमानों को भी उनके धर्म के आदर्श मूल्यों - समानता, सहनशीलता, धैर्य आदि पर दृढ रहने की भी प्रेरणा दी है । वह एक सच्चे मुसलमान की परिभाषा देते हुए कहते हैं :

‘‘मुसलमाणु कहावणु मुसकलु,
जो होइ ता मुसलमाणु कहावै ।
अवलि अउलि दीनु करि मिठा मसकल
माना मालु मुसावै ।
होइ मुसलिम दीन मुहाणै,
मरण जीवण का भरमु चुकावै ।
रब की रजाइ मनै सिर उपरि
करता मनै आसु गवावै ।
तउ नानक सरब जीआ मिहरमंति
होइ त मुसलमाणु कहावै ।’’

अर्थात मुसलमान कहलाना बहुत कठिन है । यदि वह पूरा मुसलमान है तो वह मोमिन का अधिकारी है । सर्वप्रथम उसे औलिया फकीरों के दीन को मीठा कर पालना चाहिए । जैसे लोहे का जंगार उतारने वाला मुसकल जंगार को उतार फेकता है, इसी भाँति मुसलमान धन के लोभ को उतार फेके । मुसलमान होकर पैगंबर के दीन उपदेश में विश्वास रख जीवन और मृत्यु के भ्रम को दूर करे । खुदा की रजा को सिर माथे पर कबूल करे और अपने अहंभाव को त्याग कर उस करीम में विश्वास रखे । यदि इस प्रकार के कर्म करता हुआ सब जीवों पर दया करे तो वह सच्चा मुसलमान कहला सकता है ।

इसी प्रकार एक पक्का मुसमान होने के लिए नमाज किस प्रकार की पडनी चाहिए । इसके बारे में श्री गुरु नानक देव जी कहते हैं कि :

''पंजि निवाजा वखत पंजि पंजा पंजे नाउ ।।
पहिला सचु, हलालु दुइ, तीजा खैर खुदाई ।।
चउथी नीअति रासि मनु पंजवी सिफति सनाइ ।।
करणी कलमा आखि कै ता मुसलमाणु सदाइ ।।''

अर्थात मुसलमान पांच समय पांच नमाज पडते हैं । उनके पांच ही नाम हैं - नमाज-ए-सुबह, नमाज-ए-पेशीन, नमाज-ए-दीगर, नमाज-ए-शाम और नमाज-ए-खुफतन । श्री गुरु नानक देव जी ने पांच नमाजों को इन नामों से पुकारा है - नमाज-ए-सच (सत्य), नमाज-ए-हलाल (पसीने की कमाई), नमाज-ए-खैर (शुभ इच्छा), नमाज-ए-नीयत-ए-रास (नेक इरादा) तथा नमाज-ए-सिफतमो सनाअ (ईश्वर स्तुति) । श्री गुरु नानक देव जी कहते हैं कि यदि शुभ कर्मों को अनुष्ठान किया जाये तो ऐसी नमाज पढने वाला सच्चा मुसलमान कहला सकता है ।

श्री गुरु ग्रंथ साहिब जी का उद्देश्य किसी उत्कर्ष साहित्य की रचना करना नहीं था, बल्कि वे तो सीधे-साधे शब्दों में लोक भाषा में अपनी अनुभुतियों और अनुभवों को रखे रहे थे । यह अलग बात है कि उनके साहित्य में जहाँ एक और रहस्यमयी साहित्य प्रफुल्लित हुआ वहाँ दूसरी और संगीत, राग और साहित्य का अदभुत संगम भी प्रस्तुत हुआ ।

पंजाबी लेखकों के लिए यह ग्रंथ मुख्य प्रेरणास्त्रोत रहा है, क्योंकि इसमें ५०० वर्षों की साहित्यिक प्राप्ति संकलित है । इस ग्रंथ के प्रकाशन से भारतिय साहित्य में नये आयाम प्रस्तुत हुए । वस्तुतः भरतीय भाषाओं में तुलनात्मक साहित्य का आरम्भ इस ग्रंथ में माना जाता है । विश्व में यह एकमात्र ऐसा ग्रंथ है जो उच्च कोटि की निरंतर प्रेरणा प्रदान करने की क्षमता रखता है । इस ग्रंथ के वाणीकारों का अनुभव स्वतंत्र था एवं सीधा जीवन से सम्बन्ध रखता था । यह वाणी उनके अन्तरात्मा के स्फुटित हुई जो लौकिक जीवन का अलौकिकता से सम्बन्ध स्थापित करती है । यह वाणी उनकी निश्छल अनुभूति की सरस एवं स्पष्ट अभिव्यक्ति है । एक साहित्यिक कृति के मूल्यांकन में उसमें उत्कृष्ट साहित्य के सभी तत्व संग्रहीत मिलते हैं ।

